SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 22* Issue 73** | **Thursday, April 13, 2023** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਨਹੀਂ ਕੀਤਾ ਗਿਆ ਵਾਧਾ



ਓਟਵਾ, 12 ਅਪਰੈਲ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਇੱਕ ਵਾਰੀ ਫਿਰ 4·5 ਫੀ ਸਦੀ ਉੱਤੇ ਆਪਣੀਆਂ ਵਿਆਜ਼ ਦਰਾਂ ਸਥਿਰ ਰੱਖੀਆਂ ਜਾ ਰਹੀਆਂ ਹਨ। ਪਰ ਨੇੜ ਭਵਿੱਖ ਵਿੱਚ ਇਨ੍ਹਾਂ ਦਰਾਂ ਵਿੱਚ ਵਾਧਾ ਹੋਣ ਤੋਂ ਬੈਂਕ ਵੱਲੋਂ ਇਨਕਾਰ ਨਹੀਂ ਕੀਤਾ ਗਿਆ ਹੈ।

ਬੁੱਧਵਾਰ ਨੂੰ ਸੈਂਟਰਲ ਬੈਂਕ ਨੇ ਆਖਿਆ ਕਿ ਤਾਜ਼ਾ ਆਰਥਿਕ ਡਾਟਾ ਤੋਂ ਇਹੋ ਸਾਹਮਣੇ ਆਇਆ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਮਹਿੰਗਾਈ ਵਿੱਚ ਗਿਰਾਵਟ ਦਰਜ ਕੀਤੀ ਜਾਵੇਗੀ। ਪਰ ਬੈਂਕ ਨੇ ਆਖਿਆ ਕਿ ਮਹਿੰਗਾਈ ਦਰ ਨੂੰ ਮੁੜ ਦੋ ਫੀ ਸਦੀ ਉੱਤੇ ਲੈ ਕੇ ਆਉਣਾ ਹੋਰ ਵੀ ਔਖਾ ਕੰਮ ਹੋਵੇਗਾ। ਸੈਂਟਰਲ ਬੈਂਕ ਨੇ ਆਖਿਆ ਕਿ ਉਸ ਦੀ ਗਵਰਨਿੰਗ ਕਾਊਂਸਲ ਇਹ ਪਤਾ ਲਾਉਣਾ ਜਾਰੀ ਰੱਖੇਗੀ ਕਿ ਕੀ ਵਿਆਜ਼ ਦਰਾਂ ਐਨੀਆਂ ਵੱਧ ਹਨ ਕਿ ਮਹਿੰਗਾਈ ਨੂੰ ਮੁੜ ਟੀਚੇ ਉੱਤੇ ਲਿਆਂਦਾ ਜਾ ਸਕੇ।

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਬੈਂਕ ਆਫ ਕੈਨੇਡਾ ਆਪਣੀਆਂ ਇਹੋ ਵਿਆਜ਼ ਦਰਾਂ ਬਰਕਰਾਰ ਰੱਖੇਗਾ ਕਿਉਂਕਿ ਮਹਿੰਗਾਈ ਅਰਥਭਰਪੂਰ ਢੰਗ ਨਾਲ ਘੱਟ ਰਹੀ ਹੈ। ਫਰਵਰੀ ਵਿੱਚ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ 5·2 ਫੀ ਸਦੀ ਉੱਤੇ ਆ ਗਈ ਤੇ ਪਹਿਲਾਂ ਕੀਤੀ ਗਈ ਪੇਸ਼ੀਨਿਗੋਈ ਨਾਲੋਂ ਇਹ ਹੇਠਲੇ ਪੱਧਰ ਉੱਤੇ ਹੈ ਤੇ ਅਜਿਹਾ ਲਗਾਤਾਰ ਦੂਜੇ ਮਹੀਨੇ ਹੋ ਰਿਹਾ ਹੈ।

## ਵਾਅਨ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਉਸਾਰੀ ਅਧੀਨ 20 ਘਰ ਹੋਏ ਤਬਾਹ



ਵਾਅਨ, 12 ਅਪਰੈਲ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਰਿਹਾਇਸ਼ੀ ਸਬਡਵੀਜ਼ਨ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ 35 ਦੇ ਨੇੜੇ ਤੇੜੇ ਘਰ ਜਾਂ ਤਾਂ ਪੂਰੀ ਤਰ੍ਹਾਂ ਤਬਾਹ ਹੋ ਗਏ ਤੇ ਜਾਂ ਫਿਰ ਕੁੱਝ ਹੱਦ ਤੱਕ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ।

ਬੁੱਧਵਾਰ ਨੂੰ ਦੁਪਹਿਰ ਦੇ 1:00 ਵਜੇ ਤੋਂ ਬਾਅਦ ਟੈਸਟਨ ਰੋਡ ਤੇ ਪਾਈਨ ਵੈਲੀ ਡਰਾਈਵ ਦੇ ਨੇੜੇ ਹੈਦਕੋਟ ਰੋਡ ਤੇ ਕਿਨਬਰਨ ਕ੍ਰੀਸੈਂਟ ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਫਾਇਰਫਾਈਟਰਜ਼ ਤੇ ਹੋਰ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਸਿਟੀ ਆਫ ਵਾਅਨ ਦੇ ਅਧਿਕਾਰੀਆਂ ਨੇ ਇੱਕ ਬਿਆਨ ਵਿੱਚ ਆਖਿਆ ਕਿ ਫਾਇਰਫਾਈਟਰਜ਼ ਨੂੰ ਆਉਂਦਿਆਂ ਸਾਰ ਹੀ ਵੱਡੀ ਪੱਧਰ ਉੱਤੇ ਲੱਗੀ ਇਸ ਅੱਗ ਉੱਤੇ ਕਾਬੂ ਪਾਉਣ ਲਈ ਕਾਰਵਾਈ ਸ਼ੁਰੂ ਕਰਨੀ ਪਈ। ਹਵਾ ਤੇਜ਼ ਹੋਣ ਕਾਰਨ ਅੱਗ ਇੱਕ ਘਰ ਤੋਂ ਦੂਜੇ ਘਰ ਤੱਕ ਫੈਲਦੀ ਗਈ ਤੇ ਜਲਦੀ ਹੀ ਕਈ ਘਰ ਅੱਗ ਦੀ ਚਪੇਟ ਵਿੱਚ ਆ ਗਏ। ਇਸ ਕਾਰਨ ਕਈ ਘਰ ਤਾਂ ਪੂਰੀ ਤਰ੍ਹਾਂ ਹੀ ਤਬਾਹ ਹੋ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਛੇ ਨਵੀਆਂ ਸਟਰੀਟਸ ਉੱਤੇ ਇਨ੍ਹਾਂ ਘਰਾਂ ਦਾ ਨਿਰਮਾਣ ਕੀਤਾ ਗਿਆ ਸੀ। ਤਿੰਨ ਸਟਰੀਟਸ ... ਬਾਕੀ ਸਫਾ 2 'ਤੇ

## ਮਿਸੀਸਾਗਾ ਵਿੱਚ ਮਨਾਇਆ ਜਾ ਰਿਹਾ ਹੈ ਨੈਸ਼ਨਲ ਵਾਲੰਟੀਅਰ ਵੀਕ 2023



ਮਿਸੀਸਾਗਾ, 12 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਰਹਿਣਾ ਆਪਣੇ ਆਪ ਵਿੱਚ ਵੱਡੀ ਗੱਲ ਇਸ ਲਈ ਹੈ ਕਿ ਇੱਥੋ ਕਮਿਊਨਿਟੀਜ਼ ਦਾ ਕਮਾਲ ਦਾ ਨੈੱਟਵਰਕ ਹੈ। ਵੇਲੇ ਕੁਵੇਲੇ ਇੱਕ ਦੂਜੇ ਦੀ ਮਦਦ ਕਰਨ ਤੋਂ ਇਲਾਵਾ ਅਜਿਹੇ ਕਈ ਗਰੁੱਪਜ਼ ਤੇ ਆਰਗੇਨਾਈਜ਼ੇਸ਼ਨਜ਼ ਹਨ ਜਿਹੜੇ ਅਜਿਹੇ ਲੋਕਾਂ ਨਾਲ ਬਣੇ ਹਨ ਜਿਹੜੇ ਅਹਿਮ ਕਾਰਨ ਲਈ ਆਪਣੇ ਸਮੇਂ, ਪੈਸੇ, ਹੁਨਰ, ਡੋਨੇਸ਼ਨਜ਼ ਤੇ ਗਿਆਨ ਨਾਲ ਵਾਲੰਟੀਅਰ ਵਜੋਂ ਕੰਮ ਕਰਦੇ ਹਨ। ਸਿਟੀ ਦੇ ਸਮਾਜਕ ਤਾਣੇ ਬਾਣੇ ਵਿੱਚ ਇਹ ਵਾਲੰਟੀਅਰ ਦਇਆ, ਸੰਭਾਲ ਤੇ ਫਰਾਖ਼ਦਿਲੀ ਦੀਆਂ ਤੰਦਾ ਬੁਣਦੇ ਹਨ।

ਇਸ ਸਾਲ 16 ਅਪਰੈਲ ਤੋਂ 22 ਅਪਰੈਲ ਤੱਕ ਨੈਸ਼ਨਲ ਵਾਲੰਟੀਅਰ ਵੀਕ ਮਨਾਇਆ ਜਾ ਰਿਹਾ ਹੈ। ਇਹ ਜਸ਼ਨ ਸਾਲਾਨਾ ਮਨਾਏ ਜਾਂਦੇ ਹਨ ਤੇ ਇਸ ਦੌਰਾਨ ਇਹ ਦੱਸਿਆ ਜਾਂਦਾ ਹੈ ਕਿ ਕੈਨੇਡਾ ਵਿੱਚ ਵਾਲੰਟੀਅਰਜ਼ ਦੀ ਐਨੀ ਅਹਿਮੀਅਤ ਕਿਉਂ ਹੈ। ਇਸ ਸਾਲ ਦਾ ਥੀਮ ਹੈ ਵਾਲੰਟੀਅਰਿੰਗ ਵੀਵਜ਼ ਅੱਸ ਟੂਗੈਦਰ (Volunteering Weaves Us Together)। ਭਾਵੇਂ ਘਰਾਂ ਦਾ ਨਿਰਮਾਣ ਹੋਵੇ, ਪਾਰਕ ਸਾਫ ਕਰਨਾ ਜਾਂ ਕਿਸੇ ਟੀਮ ਨੂੰ ਕੋਚ ਕਰਨਾ ਹੋਵੇ, ਕਿਸੇ ਬਿਮਾਰ ਦੋਸਤ ਦੀ ਮਦਦ ਲਈ ਖਾਣਾ ਬਣਾਉਣਾ ਹੋਵੇ, ਗੁਆਂਢੀਆਂ ਦੀ ਦੇਖਭਾਲ ਦਾ ਮਾਮਲਾ ਹੋਵੇ ਜਾਂ ਕਿਸੇ ਅਨਜਾਣ ਵਿਅਕਤੀ ਦੀ ਮਦਦ ਕਰਨੀ ਹੋਵੇ ਤਾਂ ... ਬਾਕੀ ਸਫਾ 2 'ਤੇ

## ਕੈਨੇਡਾ ਵਿੱਚ ਵੱਧ ਰਹੇ ਹਨ ਇਨਫਲੂਐਂਜ਼ਾ ਬੀ ਦੇ ਮਾਮਲੇ

ਓਟਵਾ, 12 ਅਪਰੈਲ (ਪੋਸਟ ਬਿਊਰੋ) :ਪਿਛਲੇ ਕੁੱਝ ਹਫਤਿਆਂ ਵਿੱਚ ਕੈਨੇਡਾ ਭਰ ਵਿੱਚ ਇਨਫਲੂਐਂਜ਼ਾ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ ਬਹੁਤੇ ਮਾਮਲੇ ਇਨਫਲੂਐਂਜ਼ਾਂ ਬੀ ਦੇ ਹਨ। ਇਹ ਜਾਣਕਾਰੀ ਕੈਨੇਡਾ ਫਲੂਵਾਚ ਵੱਲੋਂ ਦਿੱਤੀ ਗਈ।

ਰਿਪੋਰਟ, ਜਿਹੜੀ ਹਫਤਾਵਾਰੀ ਆਉਂਦੀ ਹੈ ਤੇ ਜਿਸ ਵਿੱਚ ਕੈਨੇਡਾ ਭਰ ਦੇ ਫਲੂ ਦੇ ਮਾਮਲਿਆਂ ਦਾ ਟਰੈਕ ਰੱਖਿਆ ਜਾਂਦਾ ਹੈ, ਵਿੱਚ ਆਖਿਆ ਗਿਆ ਹੈ ਕਿ 2023 ਦੇ 13ਵੇਂ ਹਫਤੇ ਵਿੱਚ ਇਨਫਲੂਐਂਜ਼ਾ ਦੇ ਕੁੱਲ 510 ਮਾਮਲੇ, ਜਿਨ੍ਹਾਂ ਨੂੰ ਲੈਬੋਰੇਟਰੀ ਵਿੱਚ ਡਿਟੈਕਟ ਕੀਤਾ ਗਿਆ, ਸਾਹਮਣੇ ਆਏ। ਸਾਲ ਦੇ ਇਸ ਅਰਸੇ ਦੌਰਾਨ ਐਨੇ ਮਾਮਲੇ ਸਧਾਰਨ ਨਹੀਂ ਹਨ। ਇਨ੍ਹਾਂ ਪੁਸ਼ਟੀ ਕੀਤੇ ਗਏ ਫਲੂ ਦੇ ਮਾਮਲਿਆਂ ਵਿੱਚੋਂ 364 ਇਨਫਲੂਐਂਜ਼ਾ ਬੀ ਦੇ ਸਨ ਤੇ ਬਾਕੀ 146 ਇਨਫਲੂਐਂਜ਼ਾ ਏ ਦੇ ਸਨ। ਇਸ ਤੋਂ ਭਾਵ ਇਹ ਹੈ ਕਿ ਇਸ ਸਮੇਂ ਇਨਫਲੂਐਂਜ਼ਾ ਬੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਇਨਫਲੂਐਂਜ਼ਾ ਦੇ 71 ਫੀ ਸਦੀ ਮਾਮਲਿਆਂ ਲਈ ਇਹੋ ਜ਼ਿੰਮੇਵਾਰ ਹੈ।

ਪਿਛਲੇ ਸਾਲ ਦੇ ਮੁਕਾਬਲੇ ਇਹ ਸਟਰੇਨ ਇਸ ਸਮੇਂ ਕਿਤੇ ਉੱਚ ਪੱਧਰ ਉੱਤੇ ਫੈਲ ਰਿਹਾ ਹੈ। 2022 ਦੇ ਅੰਤ ਵਿੱਚ ਫਲੂ ਸੀਜ਼ਨ ਦੌਰਾਨ ਬਹੁਤੇ ਮਾਮਲੇ ਇਨਫਲੂਐਂਜ਼ਾ ਏ ਦੇ ਸਨ ਤੇ ਇਨਫਲੂਐਂਜ਼ਾ ਬੀ ਦਾ ਮਾਮਲਾ ਵਿਰਲਾ ਹੀ ਕਿਤੇ ਸਾਹਮਣੇ ਆ ਰਿਹਾ ਸੀ। ਪਿਛਲੇ ਸਾਲ ਮਾਰਚ-ਅਪਰੈਲ ... ਬਾਕੀ ਸਫਾ 2 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

ON TIME HEATING COOLING & REFRIGERATION
ac - furnance - heat pump -
boilers - gasline - walk in cooler -
water heater
Fully licensed team and govt. rebate upto $8,000
SAURAVDEEP SINGH: 226-332-4040

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

OURR HOME & APPLIANCES
Colour options available
$1699*
Spring SALE with fresh deals
Upgrade to steam wash $299
Upgrade to $299
Upgrade to $399
$2999*
$4499*
KitchenAid, moffat, MAYTAG, LG, SAMSUNG, Electrolux, JENNAIR, BOSCH, Whirlpool
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial
Brokerage Lic.12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਮਿਸੀਸਾਗਾ ਵਿੱਚ ਮਨਾਇਆ ਜਾ ਰਿਹਾ ਹੈ ਨੈਸ਼ਨਲ ਵਾਲੰਟੀਅਰ ਵੀਕ 2023

ਸਫਾ 1 ਦਾ ਬਾਕੀ

ਸਾਡੇ ਸਮਾਜ ਵਿੱਚ ਵਾਲੰਟੀਅਰ ਅਹਿਮ ਭੂਮਿਕਾ ਨਿਭਾਉਂਦੇ ਹਨ।

ਜੇ ਤੁਹਾਡੀ ਆਰਗੇਨਾਈਜ਼ੇਸ਼ਨ ਨੂੰ ਜਾਂ ਤੁਹਾਨੂੰ ਵਾਲੰਟੀਅਰ ਦੇ ਕੰਮ ਨਾਲ ਫਾਇਦਾ ਹੋਇਆ ਹੈ ਤਾਂ ਨੈਸ਼ਨਲ ਵਾਲੰਟੀਅਰ ਵੀਕ ਉਨ੍ਹਾਂ ਦੇ ਯੋਗਦਾਨ ਦਾ ਮੁੱਲ ਪਾਉਣ ਦਾ ਸੁਨਹਿਰਾ ਮੌਕਾ ਹੈ। ਫਿਰ ਭਾਵੇਂ ਸਧਾਰਨ ਜਿਹਾ ਸ਼ੁਕਰੀਆ ਕਰਨਾ ਹੋਵੇ ਜਾਂ ਰੈਫਰੈਂਸ ਲੈਟਰ ਦੇਣਾ ਹੋਵੇ ਜਾਂ ਗਰੁੱਪ ਦਾ ਇੱਕਠ ਕਰਨਾ ਹੋਵੇ, ਹਰ ਕੋਸ਼ਿਸ਼ ਦੇ ਆਪਣੇ ਮਾਇਨੇ ਹਨ। ਇਸ ਲਈ ਸਾਨੂੰ ਵਾਲੰਟੀਅਰਜ਼ ਦੇ ਕੰਮਾਂ ਤੇ ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਵੱਲੋਂ ਕੀਤੇ ਕੰਮ ਨੂੰ ਮਾਨਤਾ ਦੇਣੀ ਚਾਹੀਦੀ ਹੈ।

ਵਾਲੰਟੀਅਰ ਦਾ ਕੰਮ ਕਰਨ ਨਾਲ ਜਿੱਥੇ ਕਮਿਊਨਿਟੀ ਵਿੱਚ ਵਿਚਰਨ, ਕਮਿਊਨਿਟੀ ਦੇ ਕੰਮਾਂ ਨੂੰ ਅੰਜਾਮ ਦੇਣ, ਨਵੇਂ ਸੰਪਰਕ ਬਣਾਉਣ ਤੇ ਦੋਸਤ ਬਣਾਉਣ ਦਾ ਮੌਕਾ ਮਿਲਦਾ ਹੈ ਉੱਥੇ ਹੀ ਵਿਸ਼ਵਾਸ ਦੇ ਨਾਲ ਨਾਲ ਇੱਕ ਦੂਜੇ ਦੇ ਕੰਮ ਆਉਣ ਦਾ ਹੁਨਰ ਵੀ ਪੈਦਾ ਹੁੰਦਾ ਹੈ। ਵਾਲੰਟੀਅਰ ਸਾਨੂੰ ਜੋੜ ਕੇ ਰੱਖਦੇ ਹਨ ਤੇ ਸਾਜੇ ਸਮਾਜਕ ਤਾਣੇ-ਬਾਣੇ ਨੂੰ ਮਜ਼ਬੂਤ ਕਰਦੇ ਹਨ।

ਸਿਟੀ ਵਿੱਚ ਨੌਜਵਾਨਾਂ ਤੇ ਬਾਲਗਾਂ ਲਈ ਕਮਿਊਨਿਟੀ ਨਿਰਮਾਣ ਵਿੱਚ ਮਦਦ ਕਰਨ ਦੇ ਕਈ ਮੌਕੇ ਹਨ। ਤੁਹਾਡੇ ਹੁਨਰ ਤੇ ਤੁਹਾਡੀ ਰੂਚੀ ਮੁਤਾਬਕ ਤੁਸੀਂ ਕਈ ਤਰ੍ਹਾਂ ਦੇ ਵਾਲੰਟੀਅਰ ਕੰਮ ਕਰ ਸਕਦੇ ਹੋਂ, ਜਿਵੇਂ ਕਿ ਕੁੱਤਿਆਂ ਨੂੰ ਸੈਰ ਕਰਵਾਉਣਾ, ਬਿੱਲੀਆਂ ਨਾਲ ਖੇਡਣਾ, ਸੈਲੀਬ੍ਰੇਸ਼ਨ ਸਕੁਏਅਰ ਉੱਤੇ ਹੋਣ ਵਾਲੇ ਸਿਟੀ ਦੇ ਈਵੈਂਟਸ ਵਿੱਚ ਮਦਦ ਕਰਨਾ, ਗਾਰਡਨਜ਼ ਤੇ ਪਾਰਕ ਸਪੇਸਿਜ਼ ਨੂੰ ਮੇਨਟੇਨ ਕਰਨ ਵਿੱਚ ਮਦਦ ਕਰਨਾ ਆਦਿ। ਤੁਸੀਂ ਮਨੋਰੰਜਨ ਦੇ ਪ੍ਰੋਗਰਾਮਾਂ, ਪੂਲ, ਕੈਂਪ ਜਾਂ ਹੋਰਨਾਂ ਪ੍ਰੋਗਰਾਮਾਂ ਦਾ ਹਿੱਸਾ ਵੀ ਬਣ ਸਕਦੇ ਹੋਂ। ਤਜਰਬਾ ਹਾਸਲ ਕਰਨ ਤੇ ਭਵਿੱਖ ਵਿੱਚ ਪਾਰਟ ਟਾਈਮ ਕੰਮ ਕਰਨ ਲਈ ਵਾਲੰਟੀਅਰ ਵਜੋਂ ਕੰਮ ਕੀਤਾ ਹੋਣਾ ਕਾਰਗਰ ਹੋ ਸਕਦਾ ਹੈ।

ਸੈਕੰਡਰੀ ਸਕੂਲ ਦੇ ਵਿਦਿਆਰਥੀ ਮਾਈਵੇਅ ਸਟੂਡੈਂਟ ਅੰਬੈਸਡਰ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ, ਸਿਟੀ ਆਫ ਮਿਸੀਸਾਗਾ ਲਾਇਬ੍ਰੇਰੀ ਦੇ ਟੀਨ ਐਡਵਾਈਜ਼ਰੀ ਗਰੁੱਪ (ਟੀਏਜੀ) ਰਾਹੀਂ ਯੰਗ ਐਡਲਟਸ ਦੀ ਮਦਦ ਲਈ ਲਾਇਬ੍ਰੇਰੀ ਸਟਾਫ ਦੀ ਮਦਦ ਵਾਸਤੇ ਟੀਨਜ਼ ਮਦਦ ਕਰ ਸਕਦੇ ਹਨ ਤੇ ਵਾਲੰਟੀਅਰ ਆਰਜ਼ ਕਮਾ ਸਕਦੇ ਹਨ। ਐਡਲਟ ਸਿਟੀ ਆਫ ਮਿਸੀਸਾਗਾ ਕਮੇਟੀ ਜਾਂ ਬੋਰਡ ਦੇ ਸਿਟੀਜ਼ਨ ਮੈਂਬਰ ਬਣਨ ਲਈ ਵੀ ਅਪਲਾਈ ਕਰ ਸਕਦੇ ਹਨ।

ਮਿਸੀਸਾਗਾ ਵਿੱਚ ਵਾਲੰਟੀਅਰਿੰਗ ਕਰਨਾ ਮਜ਼ੇਦਾਰ ਵੀ ਹੋ ਸਕਦਾ ਹੈ। ਤੁਹਾਨੂੰ ਆਪਣੇ ਨਾਲ ਆਪਣੇ ਪਾਲਤੂ ਜਾਨਵਰ ਨੂੰ ਲਿਆਉਣਾ ਹੋਵੇਗਾ। ਕੁੱਝ ਆਰਗੇਨਾਈਜ਼ੇਸ਼ਨਜ਼ ਜਿਵੇਂ ਕਿ ਸੇਂਟ ਜੌਹਨ ਐਂਬੂਲੈਂਸ ਪੀਲ ਬ੍ਰਾਂਚ ਕਈ ਤਰ੍ਹਾਂ ਦੇ ਮੌਕੇ ਮੁਹੱਈਆ ਕਰਵਾਉਂਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਥੈਰੇਪੀ ਡੌਗ ਪ੍ਰੋਗਰਾਮ, ਜਿੱਥੇ ਵਾਲੰਟੀਅਰ ਤੇ ਉਨ੍ਹਾਂ ਦੇ ਕੁੱਤੇ ਹਸਪਤਾਲਾਂ, ਸੀਨੀਅਰ ਰੈਜ਼ੀਡੈਂਸਿਜ਼ ਜਾਂ ਨਰਸਿੰਗ ਹੋਮਜ਼ ਇੱਕਠੇ ਜਾਂਦੇ ਹਨ ਤੇ ਮਰੀਜ਼ਾਂ ਤੇ ਰੈਜ਼ੀਡੈਂਟਸ ਦੀ ਮਦਦ ਕਰਦੇ ਹਨ।

ਜੇ ਤੁਸੀਂ ਵੀ ਵਾਲੰਟੀਅਰ ਬਣਨਾ ਚਾਹੁੰਦੇ ਹੋਂ ਤੇ ਤੁਹਾਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਸ਼ੁਰੂਆਤ ਕਿੱਥੋਂ ਕੀਤੀ ਜਾਵੇ ਤਾਂ ਸਿਟੀ ਆਫ ਮਿਸੀਸਾਗਾ ਦੇ ਵਾਲੰਟੀਅਰ ਪੇਜ ਉੱਤੇ ਜਾਓ। ਤੁਹਾਨੂੰ ਸਿਟੀ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਵਾਲੰਟੀਅਰ ਪੁਜ਼ੀਸ਼ਨਜ਼ ਤੇ ਵਾਲੰਟੀਆ ਐਮਬੀਸੀ ਵੈੱਬਸਾਈਟ ਦਾ ਕੁਨੈਕਸ਼ਨ ਮਿਲੇਗਾ। ਇੱਥੇ ਤੁਸੀਂ ਬਤੌਰ ਵਾਲੰਟੀਅਰ ਅਪਲਾਈ ਕਰ ਸਕਦੇ ਹੋਂ।

## ਬੀਐਸਐਫ ਨੇ ਗੁਜਰਾਤ ਦੇ ਤੱਟ ਕੋਲੋਂ ਚਰਸ ਦੇ ਕੀਤੀ ਬਰਾਮਦ

ਭੁਜ, 12 ਅਪ੍ਰੈਲ (ਪੋਸਟ ਬਿਊਰੋ): ਗੁਜਰਾਤ ਦੇ ਕੱਛ ਜ਼ਿਲ੍ਹੇ ਦੇ ਜਖਾਊ ਕਿਨਾਰੇ ਕੋਲ ਲੂਨਾ ਬੇਟ ਟਾਪੂ ਤੋਂ ਸਰਹੱਦੀ ਸੁਰੱਖਿਆ ਫ਼ੋਰਸ (ਬੀ.ਐੱਸ.ਐੱਫ.) ਦੇ ਇਕ ਗਸ਼ਤੀ ਦਲ ਨੇ ਚਰਸ ਦੇ 10 ਪੈਕੇਟ ਬਰਾਮਦ ਕੀਤੇ ਹਨ। ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਟਾਪੂ ਕੱਛ ਦੇ ਜਖਾਊ ਬੰਦਰਗਾਹ ਤੋਂ ਕਰੀਬ 5 ਕਿਲੋਮੀਟਰ ਦੂਰ ਹੈ।

ਬੀ.ਐੱਸ.ਐੱਫ. ਨੇ ਇਕ ਬਿਆਨ 'ਚ ਦੱਸਿਆ ਕਿ ਮਈ 2020 ਤੋਂ ਉਸ ਦੇ ਨਾਲ-ਨਾਲ ਕਸਟਮ ਡਿਊਟੀ ਅਤੇ ਭਾਰਤੀ ਤੱਟ ਰੱਖਿਅਕ ਫ਼ੋਰਸ ਸਮੇਤ ਹੋਰ ਕਾਨੂੰਨ ਇਨਫੋਰਸਮੈਂਟ ਏਜੰਸੀਆਂ ਵਲੋਂ ਜਖਾਊ ਤੱਟ ਅਤੇ ਸਰਹੱਦੀ ਕ੍ਰੀਕ ਖੇਤਰ ਤੋਂ ਚਰਸ ਦੇ ਕਰੀਬ 1,548 ਪੈਕੇਟ ਬਰਾਮਦ ਕੀਤੇ ਜਾ ਚੁੱਕੇ ਹਨ। ਬੀ.ਐੱਸ.ਐੱਫ. ਅਨੁਸਾਰ, ਬਰਾਮਦ ਕੀਤੇ ਗਏ ਚਰਸ ਦੇ ਪੈਕਟਾਂ 'ਤੇ 'ਅਫਗਾਨ ਉਤਪਾਦ' ਛਪਿਆ ਹੈ। ਉਨ੍ਹਾਂ ਦੱਸਿਆ ਕਿ ਇਹ ਪੈਕੇਟ ਪਾਕਿਸਤਾਨ ਵਲੋਂ ਰੁੜ੍ਹ ਕੇ ਭਾਰਤੀ ਤੱਟ 'ਤੇ ਪਹੁੰਚੇ ਸਨ।

## ਅੱਜ ਨਾਮਾ

ਰਾਜਾ ਵੜਿੰਗ ਆ ਪੂਰਾ ਸਰਗਰਮ ਹੋਇਆ,
ਕੋਈ ਵੀ ਕਸਰ ਨਹੀਂ ਰਿਹਾ ਹੈ ਛੱਡ ਬੇਲੀ।
ਸਰਗਰਮੀ ਬਾਦਲ ਸੁਖਬੀਰ ਦੀ ਘੱਟ ਨਾਹੀਂ,
ਦਿੱਤੀ ਗਈ ਲੱਤ ਜਲੰਧਰ ਵਿੱਚ ਗੱਡ ਬੇਲੀ।
ਭਾਜਪਾ ਵਾਲੇ ਕੁਝ ਚੱਲਣ ਪਏ ਚਾਲ ਮੱਠੀ,
ਉਮੀਦਵਾਰ ਚੁਣਨ ਦੀ ਜਾਪਦੀ ਖੱਡ ਬੇਲੀ।
ਪਾਰਟੀ ਆਪ ਵੀ ਠਿੱਲ੍ਹੀ ਪਈ ਕੱਸ-ਕਮਰਾਂ,
ਸਾਲ ਦੀ ਸੱਤਾ ਦਾ ਅਸਰ ਜਿਹਾ ਅੱਡ ਬੇਲੀ।
ਅਜੇ ਤੱਕ ਲੋਕਾਂ ਨਹੀਂ ਬੋਲਣਾ ਸ਼ੁਰੂ ਕਰਿਆ,
ਕਿ ਕਿਸ ਨੂੰ ਮਾਰਨਗੇ ਅੰਤ ਉਹ ਚੋਟ ਬੇਲੀ।
ਮਿਲੇ ਪਿਆ ਕੋਈ ਸੰਕੇਤ ਨਹੀਂ ਕਿਸੇ ਪਾਸੋਂ,
ਕਿਹੜੇ ਦੀ ਜਿੱਤ ਲਈ ਪਾਉਣਗੇ ਵੋਟ ਬੇਲੀ।

ਤੀਸ ਮਾਰ ਖਾਂ

## ਵਾਅਨ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਉਸਾਰੀ ਅਧੀਨ 20 ਘਰ ਹੋਏ ਤਬਾਹ

ਸਫਾ 1 ਦਾ ਬਾਕੀ

ਉੱਤੇ ਘੱਟੋ ਘੱਟ ਦੋ ਦਰਜਨ ਦੇ ਨੇੜੇ ਤੇੜੇ ਘਰ ਬਿਲਕੁਲ ਮਲੀਆਮੇਟ ਹੋ ਗਏ। ਇਸ ਹਾਦਸੇ ਦਰਾਨ ਮਾਮੂਲੀ ਜ਼ਖ਼ਮੀ ਹੋਣ ਤੋਂ ਬਿਨਾਂ ਕਿਸੇ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ। ਅਹਿਤਿਆਤ ਵਜੋਂ ਇੱਕ ਫਾਇਰਫਾਈਟਰ ਨੂੰ ਹਸਪਤਾਲ ਲਿਜਾਇਆ ਗਿਆ। ਇੱਥੋਂ ਨੇੜਲੇ ਕਈ ਘਰਾਂ ਨੂੰ ਖਾਲੀ ਵੀ ਕਰਵਾ ਲਿਆ ਗਿਆ।

ਓਨਟਾਰੀਓ ਫਾਇਰ ਮਾਰਸ਼ਲ ਨੂੰ ਮਾਮਲੇ ਦੀ ਜਾਂਚ ਲਈ ਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਸੱਦਿਆ ਗਿਆ। ਅਪੁਸ਼ਟ ਖਬਰਾਂ ਅਨੁਸਾਰ ਕਾਂਟਰੈਕਟਰ ਦੀ ਟੌਰਚ ਕਾਰਨ ਇਹ ਅੱਗ ਭੜਕੀ ਤੇ ਇਸ ਕਾਰਨ ਹੀ ਐਨੀ ਤਬਾਹੀ ਮਚੀ। ਹਾਈਵੇਅ 400 ਤੇ ਬਟਨਵਿੱਲ ਤੱਕ ਧੂੰਏ ਦੇ ਬੱਦਲ ਵੇਖੇ ਗਏ।

## ਕੈਨੇਡਾ ਵਿੱਚ ਵੱਧ ਰਹੇ ਹਨ ਇਨਫਲੂਐਂਜ਼ਾ ਬੀ ਦੇ ਮਾਮਲੇ

ਸਫਾ 1 ਦਾ ਬਾਕੀ



ਦੌਰਾਨ ਇਨਫਲੂਐਂਜ਼ਾ ਬੀ ਦੇ ਸਿਰਫ ਚਾਰ ਮਾਮਲੇ ਹੀ ਸਾਹਮਣੇ ਆਏ ਸਨ ਜਦਕਿ ਇਨਫਲੂਐਂਜ਼ਾ ਏ ਦੇ 1283 ਮਾਮਲੇ ਰਿਕਾਰਡ ਕੀਤੇ ਗਏ ਸਨ। 13ਵੇਂ ਹਫਤੇ ਵਿੱਚ ਇਨਫਲੂਐਂਜ਼ਾ ਕਾਰਨ 15 ਬੱਚਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਇਨ੍ਹਾਂ ਵਿੱਚੋਂ 14 ਇਨਫਲੂਐਂਜ਼ਾ ਬੀ ਦੇ ਮਾਮਲੇ ਸਨ।

## ਵਾਅਨ ਵਿੱਚ ਹੋਈ ਸ਼ੂਟਿੰਗ ਵਿੱਚ 2 ਜ਼ਖ਼ਮੀ



ਵਾਅਨ, 12 ਅਪਰੈਲ (ਪੋਸਟ ਬਿਊਰੋ) : ਵਾਅਨ ਵਿੱਚ ਰਾਤ ਸਮੇਂ ਹੋਈ ਸ਼ੂਟਿੰਗ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਸ਼ੂਟਿੰਗ ਮੰਗਲਵਾਰ ਤੇ ਬੁੱਧਵਾਰ ਦੀ ਦਰਮਿਆਨੀ ਰਾਤ 1:00 ਵਜੇ ਦੇ ਨੇੜੇ ਤੇੜੇ ਸਟੀਲਜ਼ ਐਵਨਿਊ ਦੇ ਉੱਤਰ ਵੱਲ ਇਸਲਿੰਗਟਨ ਐਵਨਿਊ ਦੇ ਪਾਰਕਿੰਗ ਲੌਟ ਵਿੱਚ ਹੋਈ। ਯੌਰਕ ਰੀਜਨਲ ਪੁਲਿਸ ਦੇ ਅਧਿਕਾਰੀਆਂ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮੌਕੇ ਉੱਤੇ ਮਿਲੇ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਅਜੇ ਤੱਕ ਕਿਸੇ ਵੀ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਇਲਾਕੇ ਵਿੱਚ ਜੇ ਕਿਸੇ ਕੋਲ ਇਸ ਘਟਨਾ ਦੇ ਸਬੰਧ ਵਿੱਚ ਕੋਈ ਜਾਣਕਾਰੀ ਹੈ ਜਾਂ ਡੈਸ਼ਕੈਮ ਵੀਡੀਓ ਹੈ ਤਾਂ ਉਸ ਨੂੰ ਪੁਲਿਸ ਵੱਲੋਂ ਸੰਪਰਕ ਕਰਨ ਲਈ ਆਖਿਆ ਜਾ ਰਿਹਾ ਹੈ।






















# ਗਰੁੱਪ ਸਟੱਡੀ - ਫਾਇਦੇ ਅਤੇ ਨੁਕਸਾਨ



ਜਦੋਂ ਵਿਦਿਆਰਥੀ ਛੋਟੇ ਸਮੂਹਾਂ ਵਿੱਚ ਪੜ੍ਹਦੇ ਹਨ ਅਤੇ ਇੱਕ ਸਾਂਝੇ ਵਿਦਿਅਕ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹਨ, ਤਾਂ ਇਸਨੂੰ ਸਮੂਹ ਜਾਂ ਸਮੂਹ ਅਧਿਐਨ ਵਿੱਚ ਪੜ੍ਹਨਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਬਣਾਏ ਗਏ ਸਮੂਹ ਨੂੰ ਅਧਿਐਨ ਸਮੂਹ ਕਿਹਾ ਜਾਂਦਾ ਹੈ। ਅਧਿਐਨ ਸਮੂਹ ਵਿੱਚ ਆਮ ਤੌਰ 'ਤੇ ਉਹ ਵਿਦਿਆਰਥੀ ਸ਼ਾਮਲ ਹੁੰਦੇ ਹਨ ਜੋ ਇੱਕੋ ਜਮਾਤ ਜਾਂ ਇੱਕੋ ਬੈਚ ਵਿੱਚ ਪੜ੍ਹਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਇੱਕ ਅਧਿਐਨ ਸਮੂਹ ਦੇ ਵਿਦਿਆਰਥੀ ਇੱਕ ਦੂਜੇ ਨੂੰ ਜਾਣਦੇ ਹੋਣ। ਇੱਕ ਅਧਿਐਨ ਸਮੂਹ ਬਣਾਉਣ ਤੋਂ ਪਹਿਲਾਂ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅਧਿਐਨ ਲਈ ਇੱਕ ਸਾਂਝਾ ਵਿਸ਼ਾ ਜਾਂ ਸਿਲੇਬਸ ਸਾਂਝਾ ਕਰਨਾ ਚਾਹੀਦਾ ਹੈ ਤਾਂ ਜੋ ਉਹ ਇੱਕ ਦੂਜੇ ਨਾਲ ਆਪਣੇ ਵਿਚਾਰ ਸਾਂਝੇ ਕਰ ਸਕਣ। ਭਾਗ ਲੈਣ ਵਾਲੇ ਵਿਦਿਆਰਥੀ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਇੱਕ ਦੂਜੇ ਨਾਲ ਵਿਸ਼ਿਆਂ 'ਤੇ ਚਰਚਾ ਕਰਦੇ ਹਨ। ਸਮੂਹ ਰਸਮੀ ਜਾਂ ਗੈਰ ਰਸਮੀ ਹੋ ਸਕਦਾ ਹੈ। ਵਿਦਿਆਰਥੀਆਂ ਦੁਆਰਾ ਔਖੇ ਵਿਸ਼ਿਆਂ ਦਾ ਇਕੱਠੇ ਅਧਿਐਨ ਕਰਨ ਜਾਂ ਇਮਤਿਹਾਨਾਂ ਦੀ ਤਿਆਰੀ ਲਈ ਆਪਣੇ ਮਿੱਤਰ ਮੰਡਲ ਵਿੱਚ ਗੈਰ ਰਸਮੀ ਅਧਿਐਨ ਸਮੂਹ ਬਣਾਏ ਜਾਂਦੇ ਹਨ। ਰਸਮੀ ਸਮੂਹ ਸਕੂਲਾਂ ਅਤੇ ਕਾਲਜਾਂ ਜਾਂ ਦਫਤਰਾਂ ਵਿੱਚ ਅਧਿਕਾਰੀਆਂ ਜਾਂ ਫੈਕਲਟੀ ਦੁਆਰਾ ਸਾਂਝੇ ਪ੍ਰੋਜੈਕਟ 'ਤੇ ਕੰਮ ਕਰਨ ਲਈ ਬਣਾਏ ਜਾਂਦੇ ਹਨ। ਇਸ ਕਿਸਮ ਦੇ ਸਮੂਹਾਂ ਵਿੱਚ, ਭਾਗੀਦਾਰ ਇੱਕ ਵਿਸ਼ੇ ਦੀ ਖੋਜ ਕਰਨ ਅਤੇ ਇੱਕ ਸਮੂਹ ਪ੍ਰੋਜੈਕਟ ਤਿਆਰ ਕਰਨ ਲਈ ਮਿਲਦੇ ਹਨ ਜੋ ਸਕੂਲਾਂ, ਕਾਲਜਾਂ ਜਾਂ ਦਫਤਰਾਂ ਵਿੱਚ ਜਮ੍ਹਾ ਕੀਤਾ ਜਾਣਾ ਹੈ। ਸਟੱਡੀ ਗਰੁੱਪ ਕਿਵੇਂ ਬਣਾਇਆ ਜਾਵੇ? ਸਟੱਡੀ ਗਰੁੱਪ ਬਣਾਉਣਾ ਕੋਈ ਆਸਾਨ ਕੰਮ ਨਹੀਂ ਹੈ। ਇਸ ਤੋਂ ਇਲਾਵਾ, ਇਸਦੇ ਬਹੁਤ ਸਾਰੇ ਨਤੀਜੇ ਹਨ। ਗਰੁੱਪ ਸਫਲ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ ਹੈ। ਇੱਕ ਅਧਿਐਨ ਸਮੂਹ ਬਣਾਉਣ ਲਈ ਬਹੁਤ ਸਾਰੇ ਸਮਝਦਾਰ ਫੈਸਲਿਆਂ ਦੀ ਲੋੜ ਹੁੰਦੀ ਹੈ। ਇੱਥੇ ਕੁਝ ਨੁਕਤੇ ਹਨ ਜਿਨ੍ਹਾਂ ਨੂੰ ਇੱਕ ਅਧਿਐਨ ਸਮੂਹ ਬਣਾਉਣ ਵੇਲੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ: ਮੈਂਬਰਾਂ ਦੀ ਗਿਣਤੀ ਦਾ ਫੈਸਲਾ ਕਰਨਾ: ਪਹਿਲਾ ਫੈਸਲਾ ਸਮੂਹ ਵਿੱਚ ਮੈਂਬਰਾਂ ਦੀ ਗਿਣਤੀ ਬਾਰੇ ਲਿਆ ਜਾਣਾ ਹੈ। ਇੱਕ ਅਧਿਐਨ ਸਮੂਹ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਪੰਜ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹ ਬਹੁਤ ਮਹੱਤਵਪੂਰਨ ਫੈਸਲਾ ਹੈ ਕਿਉਂਕਿ ਵਿਦਿਆਰਥੀਆਂ ਦੀ ਗਿਣਤੀ ਦਾ ਸਿੱਧਾ ਅਸਰ ਗਰੁੱਪ 'ਤੇ ਪੈਂਦਾ ਹੈ। ਜੇਕਰ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਹੈ, ਯਾਨੀ ਕਿ ਗਰੁੱਪ ਦੇ ਸਿਰਫ਼ ਦੋ ਮੈਂਬਰ ਹਨ, ਤਾਂ ਗਰੁੱਪ ਬਹੁਤ ਅਯੋਗ ਹੋ ਜਾਵੇਗਾ। ਸੀਮਤ ਚਰਚਾ ਹੋਵੇਗੀ। ਗਰੁੱਪ ਬਹੁਤ ਬੋਰਿੰਗ ਹੋ ਜਾਵੇਗਾ। ਇੱਕ ਸਿਹਤਮੰਦ ਚਰਚਾ ਲਈ, ਦੋ ਵਿਅਕਤੀ ਕਾਫ਼ੀ ਨਹੀਂ ਹਨ। ਅਕਸਰ, ਜਦੋਂ ਦੋ ਲੋਕ ਇਕੱਠੇ ਅਧਿਐਨ ਕਰਦੇ ਹਨ ਤਾਂ ਇਸ ਨੂੰ ਸਮੂਹ ਅਧਿਐਨ ਨਹੀਂ ਕਿਹਾ ਜਾਂਦਾ ਹੈ। ਜੇਕਰ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਭਾਵ ਇੱਕ ਗਰੁੱਪ ਵਿੱਚ ਅੱਠ ਤੋਂ ਦਸ ਮੈਂਬਰ ਜਾਂ ਇਸ ਤੋਂ ਵੀ ਵੱਧ, ਤਾਂ ਵੀ ਗਰੁੱਪ ਬਹੁਤ ਹੀ ਅਯੋਗ ਅਤੇ ਅਸਫਲ ਹੋਵੇਗਾ। ਇਹ ਇਸ ਲਈ ਹੈ ਕਿਉਂਕਿ ਇੱਕ ਚਰਚਾ ਦੌਰਾਨ ਇੱਕ ਸਮੇਂ ਵਿੱਚ ਇੰਨੇ ਸਾਰੇ ਵਿਦਿਆਰਥੀਆਂ ਨਾਲ ਸੰਚਾਰ ਕਰਨਾ ਬਹੁਤ ਮੁਸ਼ਕਲ ਹੈ। ਜ਼ਿਆਦਾਤਰ ਲੋਕ ਅਣਦੇਖੀ ਮਹਿਸੂਸ ਕਰਦੇ ਹਨ। ਇਸ ਤੋਂ ਇਲਾਵਾ, ਸਮਾਂ ਪ੍ਰਬੰਧਨ ਬਹੁਤ ਮੁਸ਼ਕਲ ਹੋ ਜਾਂਦਾ ਹੈ। ਹੋ ਸਕਦਾ ਹੈ ਕਿ ਸਾਰੇ ਵਿਦਿਆਰਥੀ ਇੱਕ ਸਾਂਝੇ ਸਮੇਂ ਵਿੱਚ ਖਾਲੀ ਨਾ ਹੋਣ। ਇਸ ਸਥਿਤੀ ਵਿੱਚ, ਇੱਕ ਸਮੂਹ ਵਿੱਚ ਅਧਿਐਨ ਕਰਨ ਲਈ ਇੱਕ ਨਿਸ਼ਚਿਤ ਸਮਾਂ ਨਿਰਧਾਰਤ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਪੜ੍ਹਾਈ ਲਈ ਜਗ੍ਹਾ ਦਾ ਫੈਸਲਾ ਕਰਨਾ ਵੀ ਇੱਕ ਸਮੱਸਿਆ ਬਣ ਜਾਂਦਾ ਹੈ ਕਿਉਂਕਿ ਵੱਧ ਗਿਣਤੀ ਵਿੱਚ ਵਿਦਿਆਰਥੀਆਂ ਦੇ ਬੈਠਣ ਦੇ ਹੋਰ ਪ੍ਰਬੰਧ ਕੀਤੇ ਜਾਣ ਦੀ ਲੋੜ ਹੁੰਦੀ ਹੈ। ਇਸ ਲਈ, ਅਧਿਐਨ ਸਮੂਹ ਵਿੱਚ ਵਿਦਿਆਰਥੀਆਂ ਦੀ ਗਿਣਤੀ ਦਾ ਫੈਸਲਾ ਕਰਨਾ ਸਭ ਤੋਂ ਪਹਿਲਾਂ ਅਤੇ ਸਭ ਤੋਂ ਮਹੱਤਵਪੂਰਨ ਫੈਸਲਾ ਹੈ। ਸਮੂਹਾਂ ਦੇ ਮੈਂਬਰਾਂ ਦੀ ਚੋਣ ਕਰਨਾ: ਦੂਜਾ ਫੈਸਲਾ ਇਹ ਚੁਣਨਾ ਚਾਹੀਦਾ ਹੈ ਕਿ ਤੁਹਾਡੇ ਸਮੂਹ ਦਾ ਹਿੱਸਾ ਕੌਣ ਬਣੇਗਾ। ਵਿਦਿਆਰਥੀਆਂ ਦੀ ਚੋਣ ਕਰਦੇ ਸਮੇਂ ਕਈ ਮੈਂਬਰਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਮੈਂਬਰਾਂ ਦੀ ਚੋਣ ਇਸ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਸਮੂਹ ਨੂੰ ਕੁਸ਼ਲ ਬਣਾ ਸਕਣ। ਇੱਕ ਉਦਾਹਰਣ ਲੈਂਦੇ ਹੋਏ, ਮੰਨ ਲਓ ਕਿ ਇੱਕ ਵਿਦਿਆਰਥੀ ਆਪਣੀ ਅੰਤਿਮ ਪ੍ਰੀਖਿਆ ਦੀ ਤਿਆਰੀ ਲਈ ਇੱਕ ਅਧਿਐਨ ਸਮੂਹ ਬਣਾਉਣਾ ਚਾਹੁੰਦਾ ਹੈ, ਉਸਨੂੰ ਮੈਂਬਰਾਂ ਦੀ ਚੋਣ ਇਸ ਤਰੀਕੇ ਨਾਲ ਕਰਨੀ ਚਾਹੀਦੀ ਹੈ ਕਿ ਸਾਰੇ ਮੈਂਬਰ ਨਾ ਤਾਂ ਬਹੁਤ ਬੁੱਧੀਮਾਨ ਹੋਣ ਅਤੇ ਨਾ ਹੀ ਸਾਰੇ ਅਧਿਐਨ ਵਿੱਚ ਬਹੁਤ ਕਮਜ਼ੋਰ ਹੋਣ। ਜੇਕਰ ਸਾਰੇ ਵਿਦਿਆਰਥੀ ਬਹੁਤ ਕਮਜ਼ੋਰ ਹਨ, ਤਾਂ ਗਰੁੱਪ ਵਿੱਚ ਕੋਈ ਵੀ ਅਜਿਹਾ ਨਹੀਂ ਹੋਵੇਗਾ ਜੋ ਦੂਜੇ ਮੈਂਬਰਾਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਲੈ ਸਕੇ। ਜੇ ਇਹ ਸਾਰੇ ਬਹੁਤ ਹੀ ਬੁੱਧੀਮਾਨ ਹਨ, ਤਾਂ ਸਮੂਹ ਬੇਕਾਰ ਨਿਕਲਦਾ ਹੈ।ਸੂਝਵਾਨ ਵਿਦਿਆਰਥੀ ਸਿਲੇਬਸ ਵਿੱਚ ਲਗਭਗ ਹਰ ਚੀਜ਼ ਨੂੰ ਜਾਣ ਲੈਣਗੇ ਅਤੇ ਚਰਚਾ ਲਈ ਕੋਈ ਵਿਸ਼ਾ ਨਹੀਂ ਹੋਵੇਗਾ। ਹਰ ਮੈਂਬਰ ਫਿਰ ਸਵੈ-ਅਧਿਐਨ ਨੂੰ ਤਰਜੀਹ ਦੇਵੇਗਾ। ਸਮੂਹ ਮੈਂਬਰਾਂ ਦੀ ਬੁੱਧੀ ਦਾ ਪੱਧਰ ਸੰਤੁਲਿਤ ਹੋਣਾ ਚਾਹੀਦਾ ਹੈ। ਗਰੁੱਪ ਵਿੱਚ ਕਮਜ਼ੋਰ ਵਿਦਿਆਰਥੀਆਂ ਦੇ ਨਾਲ-ਨਾਲ ਬੁੱਧੀਮਾਨ ਵਿਦਿਆਰਥੀਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਬੁੱਧੀਮਾਨ ਵਿਦਿਆਰਥੀ ਕਮਜ਼ੋਰ ਵਿਦਿਆਰਥੀਆਂ ਨੂੰ ਪੜ੍ਹਾ ਸਕਣ। ਇਸ ਤਰ੍ਹਾਂ ਕਮਜ਼ੋਰ ਵਿਦਿਆਰਥੀ ਵਿਸ਼ਿਆਂ ਨੂੰ ਜਾਣ ਸਕਣਗੇ ਅਤੇ ਸਮਝ ਸਕਣਗੇ ਅਤੇ ਇਹ ਹੁਸ਼ਿਆਰ ਵਿਦਿਆਰਥੀਆਂ ਲਈ ਰੀਵਿਜ਼ਨ ਹੋਵੇਗਾ। ਮੈਂਬਰਾਂ ਦੀ ਚੋਣ ਕਰਨ ਤੋਂ ਪਹਿਲਾਂ, ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਮੈਂਬਰ ਵਿੱਚ ਸਮੂਹ ਦੇ ਕਿਸੇ ਹੋਰ ਮੈਂਬਰ ਪ੍ਰਤੀ ਕੋਈ ਸਖ਼ਤ ਭਾਵਨਾ ਨਾ ਹੋਵੇ। ਇਸ ਨਾਲ ਗਰੁੱਪ ਵਿੱਚ ਟਕਰਾਅ ਪੈਦਾ ਹੋ ਸਕਦਾ ਹੈ ਜਿਸ ਨਾਲ ਅਧਿਐਨ ਗਰੁੱਪ ਦੀ ਅਸਫਲਤਾ ਹੋ ਸਕਦੀ ਹੈ। ਇਸ ਲਈ, ਗਰੁੱਪ ਦੇ ਸਫਲ ਕੰਮਕਾਜ ਲਈ ਸਮੂਹ ਦੇ ਮੈਂਬਰਾਂ ਨੂੰ ਸਮਝਦਾਰੀ ਨਾਲ ਚੁਣਿਆ ਜਾਣਾ ਚਾਹੀਦਾ ਹੈ। ਲੀਡਰ ਚੁਣਨਾ: ਹਰ ਗਰੁੱਪ ਨੂੰ ਇੱਕ ਲੀਡਰ ਜਾਂ ਕਪਤਾਨ ਦੀ ਲੋੜ ਹੁੰਦੀ ਹੈ। ਨੇਤਾ ਇਸ ਤਰ੍ਹਾਂ ਚੁਣਿਆ ਜਾਣਾ ਚਾਹੀਦਾ ਹੈ ਕਿ ਉਹ ਸਮੂਹ ਦੇ ਬਾਕੀ ਮੈਂਬਰਾਂ ਤੋਂ ਜਾਣੂ ਹੋਵੇ। ਲੀਡਰ ਸਮੂਹ ਵਿੱਚ ਲਗਭਗ ਹਰ ਚੀਜ਼ ਲਈ ਜ਼ਿੰਮੇਵਾਰ ਹੋਵੇਗਾ। ਆਗੂ ਗਰੁੱਪ ਲਈ ਮੀਟਿੰਗਾਂ ਦਾ ਆਯੋਜਨ ਕਰੇਗਾ। ਲੀਡਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਜਾਂਚ ਕਰੇ ਕਿ ਗਰੁੱਪ ਵਿੱਚ ਕੋਈ ਵੀ ਚਰਚਾ ਕੋਈ ਮਾੜਾ ਰੂਪ ਨਾ ਲੈ ਜਾਵੇ। ਲੀਡਰ ਨੂੰ ਗਰੁੱਪਾਂ ਦੇ ਸਮੇਂ ਬਾਰੇ ਫੈਸਲੇ ਲੈਣੇ ਚਾਹੀਦੇ ਹਨ। ਲੀਡਰ ਤੈਅ ਕਰੇਗਾ ਕਿ ਗਰੁੱਪ ਦੇ ਮੈਂਬਰ ਕਿੱਥੇ ਮਿਲਣਗੇ। ਨਾਲ ਹੀ, ਸਮੂਹ ਦੇ ਸਹੀ ਕੰਮਕਾਜ ਲਈ ਸਾਰੇ ਮੈਂਬਰਾਂ ਨਾਲ ਨਿਯਮਤ ਤੌਰ 'ਤੇ ਗੱਲਬਾਤ ਕਰਨਾ ਨੇਤਾ ਦਾ ਫਰਜ਼ ਹੈ। ਲੀਡਰ ਨੂੰ ਗਰੁੱਪ ਦੀ ਅਗਲੀ ਮੀਟਿੰਗ ਨੂੰ ਠੀਕ ਕਰਨ ਲਈ ਮੈਂਬਰਾਂ ਨੂੰ ਨਿਯਮਤ ਈਮੇਲ ਜਾਂ ਟੈਕਸਟ ਸੁਨੇਹੇ ਭੇਜਣੇ ਚਾਹੀਦੇ ਹਨ। ਸਮਾਂ ਅਤੇ ਸਥਾਨ ਦਾ ਫੈਸਲਾ ਕਰਨਾ: ਸਮੂਹ ਮੀਟਿੰਗਾਂ ਲਈ ਸਮਾਂ ਅਤੇ ਸਥਾਨ ਦੀ ਚੋਣ ਇਸ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ ਕਿ ਸਾਰੇ ਮੈਂਬਰ ਇਸ ਨਾਲ ਅਰਾਮਦੇਹ ਹੋਣ। ਜੇਕਰ ਕੋਈ ਗਰੁੱਪ ਮੈਂਬਰ ਸਮੇਂ ਜਾਂ ਸਥਾਨ ਤੋਂ ਅਰਾਮਦਾਇਕ ਨਹੀਂ ਹੈ, ਤਾਂ ਇਸ ਨੂੰ ਤੁਰੰਤ ਬਦਲਿਆ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਹੈ, ਤਾਂ ਵਿਅਕਤੀ ਅਣਡਿੱਠ ਮਹਿਸੂਸ ਕਰੇਗਾ ਅਤੇ ਸਮੂਹ ਤੋਂ ਬਾਹਰ ਹੋ ਸਕਦਾ ਹੈ। ਸਮਾਂ ਇਸ ਤਰ੍ਹਾਂ ਚੁਣਿਆ ਜਾਣਾ ਚਾਹੀਦਾ ਹੈ ਕਿ ਉਸ ਸਮੇਂ ਸਾਰੇ ਮੈਂਬਰ ਆਜ਼ਾਦ ਹੋਣ। ਸਥਾਨ ਦੀ ਚੋਣ ਕਰਦੇ ਸਮੇਂ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਸਾਰੇ ਮੈਂਬਰ ਆਸਾਨੀ ਨਾਲ ਉੱਥੇ ਪਹੁੰਚ ਸਕਦੇ ਹਨ। ਜੇਕਰ ਸਥਾਨ ਬਹੁਤ ਦੂਰ ਜਾਂ ਕਿਸੇ ਵੀ ਸਮੂਹ ਮੈਂਬਰ ਦੇ ਨਿਵਾਸ ਤੋਂ ਬਹੁਤ ਨੇੜੇ ਹੈ, ਤਾਂ ਇਹ ਵਿਵਾਦ ਪੈਦਾ ਕਰ ਸਕਦਾ ਹੈ। ਸਟੱਡੀ ਜਾਂ ਰਿਸਰਚ ਪਲਾਨ: ਗਰੁੱਪ ਬਣਾਉਣ ਤੋਂ ਪਹਿਲਾਂ ਇਹ ਤੈਅ ਕਰਨਾ ਚਾਹੀਦਾ ਹੈ ਕਿ ਗਰੁੱਪ ਵਿੱਚ ਕਿਹੜੇ ਸਾਰੇ ਵਿਸ਼ਿਆਂ 'ਤੇ ਚਰਚਾ ਕੀਤੀ ਜਾਵੇਗੀ। ਚੁਣੇ ਗਏ ਵਿਸ਼ਿਆਂ ਨੂੰ ਸਮੂਹ ਸਮੂਹ ਮੈਂਬਰਾਂ ਦੀ ਸਾਂਝੀ ਦਿਲਚਸਪੀ ਹੋਣੀ ਚਾਹੀਦੀ ਹੈ। ਗਰੁੱਪ ਦੀ ਹਰ ਮੀਟਿੰਗ ਤੋਂ ਬਾਅਦ ਗਰੁੱਪ ਦੇ ਹੋਰ ਮੈਂਬਰਾਂ ਦੀ ਸਹਿਮਤੀ ਨਾਲ ਅਗਲਾ ਵਿਸ਼ਾ ਤੈਅ ਕਰਨਾ ਗਰੁੱਪ ਲੀਡਰ ਦਾ ਫਰਜ਼ ਹੈ, ਜਿਸ ਬਾਰੇ ਗਰੁੱਪ ਦੀ ਅਗਲੀ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਹ ਇੱਕ ਬਹੁਤ ਪ੍ਰਭਾਵਸ਼ਾਲੀ ਯੋਜਨਾ ਹੋਵੇਗੀ ਜੇਕਰ ਇੱਕ ਸਹੀ ਸਮਾਂ-ਸਾਰਣੀ ਬਣਾਈ ਜਾਵੇ ਜਿਸ ਵਿੱਚ ਇਹ ਦਰਸਾਉਂਦਾ ਹੋਵੇ ਕਿ ਕਿਸ ਮੀਟਿੰਗ ਵਿੱਚ ਕਿਸ ਵਿਸ਼ੇ 'ਤੇ ਚਰਚਾ ਕੀਤੀ ਜਾਵੇਗੀ। ਮਾਹਿਰਾਂ ਨਾਲ ਜੁੜੋ: ਸਮੂਹ ਨੂੰ ਕਿਸੇ ਇੱਕ ਮਾਹਰ ਜਿਵੇਂ ਕਿ ਇੱਕ ਪ੍ਰੋਫੈਸਰ ਜਾਂ ਇੱਕ ਅਧਿਆਪਕ ਨਾਲ ਜੋੜੋ ਜੋ ਸਾਰੇ ਮੈਂਬਰਾਂ ਨੂੰ ਚਰਚਾ ਦੇ ਵਿਸ਼ਿਆਂ 'ਤੇ ਮਾਰਗਦਰਸ਼ਨ ਕਰ ਸਕਦਾ ਹੈ। ਇਕੱਠੇ ਪੜ੍ਹਦੇ ਸਮੇਂ ਕਿਸੇ ਵੀ ਵਿਸ਼ੇ ਵਿੱਚ ਕੋਈ ਸ਼ੱਕ ਪੈਦਾ ਹੁੰਦਾ ਹੈ; ਗਰੁੱਪ ਦੇ ਮੈਂਬਰਾਂ ਨੂੰ ਆਪਣੀ ਮਦਦ ਲਈ ਅਧਿਆਪਕ ਨਾਲ ਸੰਪਰਕ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਹ ਬਹੁਤ ਮਹੱਤਵਪੂਰਨ ਕੰਮ ਹੈ ਕਿਉਂਕਿ ਵਿਦਿਆਰਥੀਆਂ ਕੋਲ ਹਰ ਸਵਾਲ ਦਾ ਜਵਾਬ ਨਹੀਂ ਹੁੰਦਾ। ਨਵੀਂ ਚੀਜ਼ ਦਾ ਅਧਿਐਨ ਕਰਦੇ ਸਮੇਂ ਬਹੁਤ ਸਾਰੇ ਸ਼ੰਕੇ ਹੋ ਸਕਦੇ ਹਨ ਜੋ ਸਮੂਹ ਦੇ ਦੂਜੇ ਮੈਂਬਰ ਸਮਝਾਉਣ ਵਿੱਚ ਅਸਫਲ ਰਹਿੰਦੇ ਹਨ। ਇਸ ਵਿੱਚ, ਇੱਕ ਮਾਹਰ ਦੀ ਸਲਾਹ ਦੀ ਲੋੜ ਹੈ। ਇੱਕ ਸਫਲ ਅਧਿਐਨ ਸਮੂਹ ਦੀਆਂ ਵਿਸ਼ੇਸ਼ਤਾਵਾਂ ਕੀ ਹਨ? ਇੱਕ ਸਫਲ ਅਧਿਐਨ ਸਮੂਹ ਲਈ, ਇਹ ਵਿਸ਼ੇਸ਼ਤਾਵਾਂ ਹਨ: ਹਰੇਕ ਗਰੁੱਪ ਮੈਂਬਰ ਚਰਚਾ ਵਿੱਚ ਹਿੱਸਾ ਲੈਂਦਾ ਹੈ। ਤਾਂ ਹੀ ਚਰਚਾ ਸਿਹਤਮੰਦ ਹੋ ਸਕਦੀ ਹੈ। ਜੇਕਰ ਕੋਈ ਵੀ ਮੈਂਬਰ ਚਰਚਾ ਦੌਰਾਨ ਹਰ ਸਮੇਂ ਕਾਫੀ ਹੁੰਦਾ ਹੈ ਤਾਂ ਇਹ ਸੰਕੇਤ ਦਿੰਦਾ ਹੈ ਕਿਟ ਵਿਸ਼ਾ ਉਸਦੀ ਦਿਲਚਸਪੀ ਦਾ ਨਹੀਂ ਹੈ ਜਾਂ ਉਹ ਸਮੂਹ ਤੋਂ ਸੰਤੁਸ਼ਟ ਨਹੀਂ ਹੈ। ਸਮੂਹ ਮੈਂਬਰਾਂ ਨੂੰ ਇੱਕ ਦੂਜੇ ਦੀ ਗੱਲ ਸੁਣਨੀ ਚਾਹੀਦੀ ਹੈ। ਚਰਚਾ ਨੂੰ ਬਹਿਸ ਦਾ ਰੂਪ ਨਹੀਂ ਲੈਣਾ ਚਾਹੀਦਾ। ਜਦੋਂ ਕੋਈ ਹੋਰ ਮੈਂਬਰ ਬੋਲ ਰਿਹਾ ਹੋਵੇ ਤਾਂ ਕਿਸੇ ਵੀ ਮੈਂਬਰ ਨੂੰ ਰੁਕਾਵਟ ਨਹੀਂ ਪਾਉਣੀ ਚਾਹੀਦੀ। ਸਮੂਹ ਮੈਂਬਰਾਂ ਨੂੰ ਚਰਚਾ ਦੇ ਵਿਸ਼ੇ ਨਾਲ ਪਹਿਲਾਂ ਹੀ ਤਿਆਰ ਹੋਣਾ ਚਾਹੀਦਾ ਹੈ। ਜੇਕਰ ਸਾਰੇ ਮੈਂਬਰ ਪਹਿਲਾਂ ਤੋਂ ਹੀ ਤਿਆਰ ਹਨ ਤਾਂ ਇਹ ਇੱਕ ਸਿਹਤਮੰਦ ਚਰਚਾ ਅਤੇ ਗਿਆਨ ਦਾ ਚੰਗਾ ਅਦਾਨ ਪ੍ਰਦਾਨ ਕਰਦਾ ਹੈ। ਸਮੂਹ ਮੈਂਬਰਾਂ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਉਹ ਇੱਕ ਦੂਜੇ ਦੇ ਸਵਾਲ ਬਹੁਤ ਖੁੱਲ੍ਹ ਕੇ ਪੁੱਛਣ ਦੇ ਯੋਗ ਹੋਣੇ ਚਾਹੀਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੈਂਬਰਾਂ ਦੇ ਮਨਾਂ ਵਿੱਚ ਸ਼ੰਕੇ ਬਣੇ ਰਹਿਣਗੇ ਜੋ ਭਵਿੱਖ ਵਿੱਚ ਕੋਈ ਸਮੱਸਿਆ ਪੈਦਾ ਕਰ ਸਕਦੇ ਹਨ। ਚਰਚਾ ਕਰਦੇ ਸਮੇਂ ਮੈਂਬਰਾਂ ਨੂੰ ਕਿਸੇ ਹੋਰ ਵਿਸ਼ੇ ਵੱਲ ਨਹੀਂ ਜਾਣਾ ਚਾਹੀਦਾ। ਕਿਸੇ ਇੱਕ ਵਿਸ਼ੇ 'ਤੇ ਨਿਰੰਤਰ ਚਰਚਾ ਹੋਣੀ ਚਾਹੀਦੀ ਹੈ। ਸਮੂਹ ਮੈਂਬਰਾਂ ਨੂੰ ਇੱਕ ਦੂਜੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕੋਈ ਸਖ਼ਤ ਭਾਵਨਾਵਾਂ ਨਹੀਂ ਹੋਣੀਆਂ ਚਾਹੀਦੀਆਂ। ਚਰਚਾ ਕਰਦੇ ਸਮੇਂ ਕੋਈ ਆਲੋਚਨਾ ਨਹੀਂ ਹੋਣੀ ਚਾਹੀਦੀ। ਸਟੱਡੀ ਗਰੁੱਪ ਦੇ ਕੀ ਫਾਇਦੇ ਹਨ? ਸਮੂਹਾਂ ਵਿੱਚ ਅਧਿਐਨ ਕਰਨ ਦੇ ਬਹੁਤ ਸਾਰੇ ਫਾਇਦੇ ਹਨ। ਇਹ ਫਾਇਦੇ ਗਰੁੱਪ ਸਟੱਡੀ ਨੂੰ ਪ੍ਰੀਖਿਆ ਦੇ ਸਮੇਂ ਵਿੱਚ ਕੁਝ ਵਿਦਿਆਰਥੀਆਂ ਦੀ ਪਹਿਲੀ ਅਤੇ ਪ੍ਰਮੁੱਖ ਪਸੰਦ ਬਣਾਉਂਦੇ ਹਨ। ਉਹਨਾਂ ਦਾ ਵਰਣਨ ਹੇਠਾਂ ਦਿੱਤਾ ਗਿਆ ਹੈ: ਨਿਯਮਤਤਾ: ਜਦੋਂ ਵਿਦਿਆਰਥੀ ਨੂੰ ਸਵੈ-ਅਧਿਐਨ ਕਰਨਾ ਪੈਂਦਾ ਹੈ, ਤਾਂ ਸੰਭਾਵਨਾ ਹੈ ਕਿ ਉਹ ਆਲਸ ਕਾਰਨ ਇਸ ਨੂੰ ਕਿਸੇ ਹੋਰ ਸਮੇਂ ਲਈ ਮੁਲਤਵੀ ਕਰ ਦੇਵੇਗਾ। ਅਜਿਹੀ ਸਥਿਤੀ ਵਿੱਚ ਜਿਸ ਵਿਦਿਆਰਥੀ ਨੂੰ ਪੜ੍ਹਨਾ ਪਸੰਦ ਨਹੀਂ ਹੈ, ਉਹ ਚੰਗੀ ਤਰ੍ਹਾਂ ਪੜ੍ਹ ਨਹੀਂ ਸਕੇਗਾ। ਪਰ ਸਮੂਹ ਅਧਿਐਨ ਦੇ ਮਾਮਲੇ ਵਿੱਚ, ਨਿਯਮਤਤਾ ਬਣਾਈ ਰੱਖੀ ਜਾਂਦੀ ਹੈ। ਸਮੂਹ ਮੈਂਬਰਾਂ ਲਈ ਨਿਯਮਿਤ ਤੌਰ 'ਤੇ ਸਮੂਹ ਦੁਆਰਾ ਆਯੋਜਿਤ ਚਰਚਾ ਵਿੱਚ ਹਿੱਸਾ ਲੈਣਾ ਲਾਜ਼ਮੀ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜੇ ਵਿਦਿਆਰਥੀ ਪੜ੍ਹਾਈ ਕਰਨ ਦੇ ਇੱਛੁਕ ਨਹੀਂ ਹਨ, ਉਨ੍ਹਾਂ ਨੂੰ ਵੀ ਲਗਾਤਾਰ ਪੜ੍ਹਾਈ ਕਰਨੀ ਪਵੇਗੀ। ਸਮੂਹ ਨੂੰ ਇੰਨਾ ਅਨੁਸ਼ਾਸਿਤ ਹੋਣਾ ਚਾਹੀਦਾ ਹੈ ਕਿ ਕਿਸੇ ਤੋਂ ਪੜ੍ਹਾਈ ਲਈ ਬਹਾਨੇ ਦੀ ਕੋਈ ਥਾਂ ਨਾ ਹੋਵੇ। ਬਿਹਤਰ ਸਿਖਲਾਈ ਅਤੇ ਸਮਝ: ਹਰ ਵਿਦਿਆਰਥੀ ਸਿਲੇਬਸ ਦੇ ਸਾਰੇ ਵਿਸ਼ਿਆਂ ਨੂੰ ਨਹੀਂ ਸਮਝ ਸਕਦਾ ਪਰ ਹਰ ਵਿਦਿਆਰਥੀ ਸਿਲੇਬਸ ਦੇ ਕੁਝ ਵਿਸ਼ਿਆਂ ਨੂੰ ਜ਼ਰੂਰ ਸਮਝਦਾ ਹੈ। ਇਹ ਮੁੱਖ ਕਾਰਕ ਹੈ ਜੋ ਸਮੂਹ ਵਿਦਿਆਰਥੀਆਂ ਲਈ ਅਧਿਐਨ ਕਰਨਾ ਲਾਭਦਾਇਕ ਬਣਾਉਂਦਾ ਹੈ। ਗਰੁੱਪ ਦੇ ਦੂਜੇ ਮੈਂਬਰਾਂ ਨੂੰ ਉਹਨਾਂ ਵਿਸ਼ਿਆਂ ਦੀ ਵਿਆਖਿਆ ਕਰ ਸਕਦਾ ਹੈ ਜੋ ਉਹ ਚੰਗੀ ਤਰ੍ਹਾਂ ਜਾਣਦੇ ਹਨ। ਇਸ ਤੋਂ ਇਲਾਵਾ, ਸਵੈ-ਅਧਿਐਨ ਦੌਰਾਨ, ਕੁਝ ਵਿਸ਼ੇ ਇੰਨੇ ਔਖੇ ਹੁੰਦੇ ਹਨ ਕਿ ਉਨ੍ਹਾਂ ਨੂੰ ਇਕੱਲੇ ਸਮਝਿਆ ਨਹੀਂ ਜਾ ਸਕਦਾ ਸੀ। ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਇਹ ਮਦਦ ਕਈ ਵਾਰ ਅਧਿਐਨ ਸਮੂਹ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹਰ ਵਿਦਿਆਰਥੀ ਨੂੰ ਸਿਲੇਬਸ ਦੇ ਹਰ ਵਿਸ਼ੇ ਬਾਰੇ ਪਤਾ ਲੱਗ ਜਾਂਦਾ ਹੈ। ਇਸ ਤੋਂ ਇਲਾਵਾ, ਵਿਦਿਆਰਥੀ ਉਨ੍ਹਾਂ ਗੱਲਾਂ ਨੂੰ ਆਪਣੇ ਮਨ ਵਿਚ ਬਰਕਰਾਰ ਰੱਖਦੇ ਹਨ ਜਿਨ੍ਹਾਂ ਬਾਰੇ ਉਹ ਗੱਲ ਕਰਦੇ ਹਨ। ਜੇ ਉਹ ਅਧਿਐਨ ਸਮੂਹ ਵਿੱਚ ਆਪਣੇ ਸਿਲੇਬੀ ਨਾਲ ਸਬੰਧਤ ਵਿਸ਼ਿਆਂ 'ਤੇ ਚਰਚਾ ਕਰਦੇ ਹਨ, ਤਾਂ ਉਹ ਇਸ ਨੂੰ ਆਪਣੇ ਮਨ ਵਿੱਚ ਬਰਕਰਾਰ ਰੱਖਣਗੇ। ਇਹ ਕ੍ਰੈਮਿੰਗ ਦੀ ਜ਼ਰੂਰਤ ਨੂੰ ਖਤਮ ਕਰਦਾ ਹੈ। ਵੱਖੋ-ਵੱਖਰੇ ਦ੍ਰਿਸ਼ਟੀਕੋਣ: ਹਰ ਵਿਦਿਆਰਥੀ ਇੱਕੋ ਜਿਹਾ ਨਹੀਂ ਸੋਚਦਾ। ਸਵੈ-ਅਧਿਐਨ ਕਰਦੇ ਸਮੇਂ, ਇੱਕ ਵਿਦਿਆਰਥੀ ਕੇਵਲ ਇੱਕ ਦਿਸ਼ਾ ਵਿੱਚ ਹੀ ਸੋਚੇਗਾ। ਇਹ ਉਸਨੂੰ ਸਿਰਫ ਸੀਮਤ ਗਿਆਨ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਕ ਦਿਸ਼ਾ ਵਿਚ ਸੋਚਣ ਕਾਰਨ ਵਿਦਿਆਰਥੀ ਨੂੰ ਵੱਖੋ ਵੱਖਰੀਆਂ ਚੀਜ਼ਾਂ ਇਕੋ ਜਿਹੀਆਂ ਹੋ ਸਕਦੀਆਂ ਹਨ। ਇਹ ਆਖਰਕਾਰ ਉਲਝਣ ਜਾਂ ਗਲਤ ਗਿਆਨ ਵੱਲ ਖੜਦਾ ਹੈ। ਗਰੁੱਪ ਸਟੱਡੀ ਦੇ ਮਾਮਲੇ ਵਿੱਚ, ਵਿਦਿਆਰਥੀ ਹਰੇਕ ਨਾਲ ਚਰਚਾ ਕਰਨਗੇ ਕਿ ਵਿਸ਼ਿਆਂ 'ਤੇ ਉਨ੍ਹਾਂ ਦਾ ਕੀ ਨਜ਼ਰੀਆ ਹੈ। ਇਸ ਤਰ੍ਹਾਂ ਸਾਰੇ ਵਿਦਿਆਰਥੀਆਂ ਦੀ ਸੋਚਣ ਸ਼ਕਤੀ ਵਧਦੀ ਹੈ। ਵਿਸ਼ਿਆਂ ਨਾਲ ਜੁੜੀਆਂ ਵੱਖ-ਵੱਖ ਸੰਭਾਵਨਾਵਾਂ ਵਿਦਿਆਰਥੀਆਂ ਦੇ ਮਨਾਂ ਵਿੱਚ ਪੈਦਾ ਹੁੰਦੀਆਂ ਹਨ। ਸਿੱਖਣ ਨੂੰ ਮਜ਼ੇਦਾਰ ਬਣਾਉਂਦਾ ਹੈ: ਲੰਬੇ ਸਮੇਂ ਤੱਕ ਪੜ੍ਹਦੇ ਸਮੇਂ, ਵਿਦਿਆਰਥੀ ਥੱਕ ਜਾਂਦਾ ਹੈ। ਸਵੈ-ਅਧਿਐਨ ਆਮ ਤੌਰ 'ਤੇ ਬੋਰਿੰਗ ਹੋ ਜਾਂਦਾ ਹੈ। ਕਈ ਵਾਰ ਤਾਂ ਵਿਦਿਆਰਥੀ ਵੀ ਸੌਂ ਜਾਂਦੇ ਹਨ। ਪਰ, ਇੱਕ ਸਮੂਹ ਵਿੱਚ ਪੜ੍ਹਦੇ ਸਮੇਂ, ਸਿੱਖਣਾ ਇੱਕ ਬੋਝ ਨਹੀਂ ਹੈ; ਸਗੋਂ ਇਹ ਇੱਕ ਮਜ਼ੇਦਾਰ ਕੰਮ ਹੈ। ਵਿਦਿਆਰਥੀ ਵਿਸ਼ਿਆਂ 'ਤੇ ਚਰਚਾ ਕਰਦੇ ਹੋਏ ਆਨੰਦ ਲੈਂਦੇ ਹਨ ਅਤੇ ਸਿੱਖਣਾ ਹੋਰ ਵੀ ਦਿਲਚਸਪ ਹੋ ਜਾਂਦਾ ਹੈ। ਘੱਟ ਤਣਾਅ: ਜਿਆਦਾਤਰ, ਪ੍ਰੀਖਿਆਵਾਂ ਤੋਂ ਪਹਿਲਾਂ ਵਿਦਿਆਰਥੀ ਬਹੁਤ ਤਣਾਅ ਵਿੱਚ ਹੁੰਦੇ ਹਨ।ਸਮੂਹਾਂ ਵਿੱਚ ਪੜ੍ਹਦੇ ਸਮੇਂ, ਵਿਦਿਆਰਥੀ ਆਰਾਮ ਮਹਿਸੂਸ ਕਰਦੇ ਹਨ। ਮਾਹੌਲ ਹਲਕਾ ਹੋ ਜਾਂਦਾ ਹੈ। ਘੱਟ ਤਣਾਅ ਦੇ ਨਾਲ, ਇਮਤਿਹਾਨਾਂ ਵਿੱਚ ਸਫਲ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਵਧੇ ਹੋਏ ਸੰਚਾਰ ਹੁਨਰ: ਇੱਕ ਸਮੂਹ ਅਧਿਐਨ ਦੌਰਾਨ, ਵਿਦਿਆਰਥੀ ਇੱਕ ਦੂਜੇ ਨਾਲ ਗੱਲਬਾਤ ਕਰਦੇ ਹਨ। ਉਨ੍ਹਾਂ ਵਿਚਕਾਰ ਸਿਹਤਮੰਦ ਚਰਚਾ ਚੱਲ ਰਹੀ ਹੈ। ਇਹ ਚਰਚਾ ਉਨ੍ਹਾਂ ਦਾ ਆਤਮਵਿਸ਼ਵਾਸ ਵਧਾਉਂਦੀ ਹੈ। ਇਸ ਨਾਲ ਉਨ੍ਹਾਂ ਦੀ ਸ਼ਬਦਾਵਲੀ ਵੀ ਵਧਦੀ ਹੈ। ਵਿਦਿਆਰਥੀ ਦੇ ਸੰਚਾਰ ਹੁਨਰ ਨੂੰ ਵਧਾਇਆ ਗਿਆ ਹੈ। ਗਰੁੱਪ ਸਟੱਡੀ ਦੇ ਕੀ ਨੁਕਸਾਨ ਹਨ? ਬਹੁਤ ਸਾਰੇ ਫਾਇਦਿਆਂ ਦੇ ਨਾਲ, ਸਮੂਹ ਅਧਿਐਨ ਨਾਲ ਜੁੜੇ ਕੁਝ ਨੁਕਸਾਨ ਹਨ। ਉਹਨਾਂ ਵਿੱਚੋਂ ਕੁਝ ਹਨ: ਗੁਆਉਣ ਦਾ ਤਰੀਕਾ: ਸਮੂਹਾਂ ਵਿੱਚ ਪੜ੍ਹਦੇ ਸਮੇਂ, ਮੈਂਬਰ ਅਕਸਰ ਵਿਸ਼ਿਆਂ ਤੋਂ ਆਪਣੇ ਤਰੀਕੇ ਗੁਆ ਲੈਂਦੇ ਹਨ ਅਤੇ ਚਰਚਾ ਕਿਸੇ ਹੋਰ ਵਿਸ਼ੇ ਵੱਲ ਜਾਂਦੀ ਹੈ। ਬਹੁਤ ਸਾਰਾ ਸਮਾਂ ਇਸ ਤਰੀਕੇ ਨਾਲ ਬਰਬਾਦ ਹੋ ਜਾਂਦਾ ਹੈ। ਜਿਵੇਂ ਕਿ ਮੈਂਬਰ ਛੋਟੇ ਨਿਸ਼ਚਿਤ ਸਮੇਂ ਲਈ ਮਿਲਦੇ ਹਨ, ਸਮੂਹ ਦੇ ਪ੍ਰਭਾਵਸ਼ਾਲੀ ਕੰਮਕਾਜ ਲਈ ਸਮਾਂ ਬਰਬਾਦ ਕਰਨਾ ਬਿਲਕੁਲ ਵੀ ਮਨਜ਼ੂਰ ਨਹੀਂ ਹੈ। ਗੱਪਾਂ: ਜਦੋਂ ਮੈਂਬਰ ਇੱਕ ਅਧਿਐਨ ਸਮੂਹ ਤੋਂ ਇਲਾਵਾ ਇੱਕ ਸਮਾਜਿਕ ਸਮੂਹ ਵੀ ਬਣਾਉਂਦੇ ਹਨ, ਤਾਂ ਗੱਪਾਂ ਹੀ ਉਹ ਚੀਜ਼ ਹੁੰਦੀਆਂ ਹਨ ਜੋ ਗਰੁੱਪ ਮੀਟਿੰਗ ਦੌਰਾਨ ਹੁੰਦੀਆਂ ਹਨ। ਹਰ ਕੋਈ ਉਨ੍ਹਾਂ ਵਿਸ਼ਿਆਂ 'ਤੇ ਚਰਚਾ ਕਰਨ ਦੀ ਬਜਾਏ ਬੇਤਰਤੀਬੇ ਚੀਜ਼ਾਂ 'ਤੇ ਚਰਚਾ ਕਰਦਾ ਹੈ ਜੋ ਪਹਿਲਾਂ ਹੀ ਚਰਚਾ ਲਈ ਤੈਅ ਕੀਤੇ ਗਏ ਸਨ। ਜੇ ਮੈਂਬਰ ਸਹਿਪਾਠੀ ਹਨ, ਤਾਂ ਉਹ ਆਪਣੇ ਅਧਿਆਪਕਾਂ ਅਤੇ ਹੋਰ ਸਹਿਪਾਠੀਆਂ ਬਾਰੇ ਸ਼ਿਕਾਇਤ ਕਰਨਾ ਸ਼ੁਰੂ ਕਰ ਸਕਦੇ ਹਨ। ਇਹ ਅਧਿਐਨ ਸਮੂਹ ਨੂੰ ਅਸਫਲ ਅਤੇ ਬੇਕਾਰ ਬਣਾਉਂਦਾ ਹੈ। ਵਿਰੋਧੀ ਵਿਸ਼ੇ: ਕਿਸੇ ਅਜਿਹੇ ਵਿਸ਼ੇ ਦੀ ਚੋਣ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਜੋ ਸਾਰੇ ਵਿਦਿਆਰਥੀਆਂ ਲਈ ਸਾਂਝੀ ਦਿਲਚਸਪੀ ਵਾਲਾ ਹੋਵੇ। ਇਸ ਨਾਲ ਗਰੁੱਪ ਵਿੱਚ ਝਗੜੇ ਹੋ ਸਕਦੇ ਹਨ। ਕੁਝ ਲੋਕ ਗਰੁੱਪ ਤੋਂ ਬਾਹਰ ਵੀ ਹੋ ਸਕਦੇ ਹਨ। ਅਕੁਸ਼ਲ ਫੈਸਲਾ: ਜੇਕਰ ਸਮਾਂ, ਸਥਾਨ ਅਤੇ ਮੈਂਬਰਾਂ ਦੀ ਗਿਣਤੀ, ਵਿਸ਼ਿਆਂ ਜਾਂ ਸਮੂਹ ਮੈਂਬਰਾਂ ਦੀ ਚੋਣ ਬਾਰੇ ਫੈਸਲਾ ਸਹੀ ਢੰਗ ਨਾਲ ਨਹੀਂ ਲਿਆ ਜਾ ਰਿਹਾ ਹੈ, ਤਾਂ ਇਹ ਗਰੁੱਪ ਦੀ ਅਸਫਲਤਾ ਦਾ ਕਾਰਨ ਬਣ ਸਕਦਾ ਹੈ। ਇਹ ਫੈਸਲੇ ਲੈਣਾ ਬਹੁਤ ਔਖਾ ਕੰਮ ਹੈ। ਇਹ ਫੈਸਲੇ ਲੈਣ ਤੋਂ ਪਹਿਲਾਂ ਬਹੁਤ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਇੰਨੀ ਸੋਚਣ ਦੇ ਬਾਵਜੂਦ, ਫੈਸਲੇ ਆਮ ਤੌਰ 'ਤੇ ਅਸਫਲ ਹੋ ਜਾਂਦੇ ਹਨ ਕਿਉਂਕਿ ਅਜਿਹਾ ਫੈਸਲਾ ਲੈਣਾ ਬਹੁਤ ਮੁਸ਼ਕਲ ਹੁੰਦਾ ਹੈ ਜਿਸ ਨਾਲ ਸਮੂਹ ਮੈਂਬਰਾਂ ਨੂੰ ਖੁਸ਼ ਰੱਖਿਆ ਜਾ ਸਕੇ। ਸਿੱਟਾ ਸਮੂਹਾਂ ਵਿੱਚ ਪੜ੍ਹਨਾ ਇੱਕ ਮਜ਼ੇਦਾਰ ਕੰਮ ਹੈ। ਪਰ ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਅਧਿਐਨ ਸਮੂਹ ਕੇਵਲ ਇੱਕ ਮਜ਼ੇਦਾਰ ਸਮੂਹ ਜਾਂ ਇੱਕ ਸਮਾਜਿਕ ਸਮੂਹ ਵਿੱਚ ਨਹੀਂ ਬਦਲਦਾ। ਸਮੂਹ ਮੀਟਿੰਗਾਂ ਦੌਰਾਨ, ਸਿਰਫ ਪਹਿਲਾਂ ਤੋਂ ਨਿਰਧਾਰਤ ਵਿਸ਼ਿਆਂ 'ਤੇ ਹੀ ਚਰਚਾ ਕੀਤੀ ਜਾਣੀ ਚਾਹੀਦੀ ਹੈ। ਲੀਡਰ ਨੂੰ ਸਮੂਹ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਪਰ ਜੇ ਕੋਈ ਬਹੁਤ ਸ਼ਰਮੀਲਾ ਹੈ ਅਤੇ ਗਰੁੱਪ ਮੈਂਬਰ ਨਾਲ ਗੱਲਬਾਤ ਕਰਨ ਦੇ ਯੋਗ ਨਹੀਂ ਹੈ, ਤਾਂ ਉਸ ਲਈ ਗਰੁੱਪ ਸਟੱਡੀ ਦਾ ਮਤਲਬ ਨਹੀਂ ਹੈ। ਵਿਦਿਆਰਥੀ ਨੂੰ ਫਿਰ ਸਵੈ-ਅਧਿਐਨ ਲਈ ਜਾਣਾ ਚਾਹੀਦਾ ਹੈ। ਉਸਨੂੰ ਸਮੂਹਾਂ ਵਿੱਚ ਪੜ੍ਹ ਕੇ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਉਸਦੇ ਲਈ ਫਲਦਾਇਕ ਨਹੀਂ ਹੋਵੇਗਾ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ, ਪੰਜਾਬ।*



# ਅਮਰੀਕੀ ਅਧਿਕਾਰੀਆਂ ਨਾਲ ਰਲ ਕੇ ਕੀਤੀ ਜਾਂਚ ਵਿੱਚ ਟੋਰਾਂਟੋ ਪੁਲਿਸ ਨੇ 42 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

## * ਹਥਿਆਰ ਤੇ ਨਸ਼ੀਲੇ ਪਦਾਰਥ ਬਰਾਮਦ

ਟੋਰਾਂਟੋ, 12 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਹਥਿਆਰਾਂ ਦੇ ਸਬੰਧ ਵਿੱਚ ਕੀਤੀ ਗਈ ਜਾਂਚ ਦੇ ਨਤੀਜੇ ਨਸ਼ਰ ਕੀਤੇ ਗਏ ਹਨ। ਇਹ ਜਾਂਚ ਅਮਰੀਕੀ ਅਧਿਕਾਰੀਆਂ ਨਾਲ ਰਲ ਕੇ ਕੀਤੀ ਗਈ ਤੇ ਇਸ ਦੌਰਾਨ 42 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਹਥਿਆਰਾਂ ਨਾਲ ਸਬੰਧਤ 400 ਤੋਂ ਵੱਧ ਚਾਰਜਿਜ਼ ਲਾਏ ਗਏ। ਟੋਰਾਂਟੋ ਪੁਲਿਸ ਵੱਲੋਂ ਇਨ੍ਹਾਂ ਚਾਰਜਿਜ਼ ਦਾ ਐਲਾਨ ਮੰਗਲਵਾਰ ਨੂੰ ਕੀਤਾ ਗਿਆ।ਇਸ ਵਾਸਤੇ ਕੀਤੀ ਗਈ ਜਾਂਚ ਨੂੰ ਇੱਕ ਸਾਲ ਦਾ ਸਮਾਂ ਲੱਗਿਆ ਤੇ ਜਾਂਚ ਨੂੰ ਪ੍ਰੋਜੈਕਟ ਮਨੀਪੈਨੀ ਦਾ ਨਾਂ ਦਿੱਤਾ ਗਿਆ। ਕੈਨੇਡਾ ਤੇ ਅਮਰੀਕਾ ਤੋਂ ਗੈਰਕਾਨੂੰਨੀ ਨਸ਼ੀਲੇ ਪਦਾਰਥ, ਨਕਦੀ ਤੇ 173 ਹਥਿਆਰ ਬਰਾਮਦ ਕੀਤੇ ਗਏ। ਕੈਨੇਡੀਅਨ ਅਧਿਕਾਰੀਆਂ ਨੇ ਆਖਿਆ ਕਿ ਪ੍ਰੋਜੈਕਟ ਮਨੀਪੈਨੀ ਤੇ ਪ੍ਰੋਜੈਕਟ ਜ਼ੀਰੋ, ਯੌਰਕ ਰੀਜਨ ਵਿੱਚ ਹਥਿਆਰਾਂ ਲਈ ਚਲਾਈਆਂ ਗਈਆਂ ਪਹਿਲਕਦਮੀਆਂ, ਤਹਿਤ ਬਰਾਮਦ ਕੀਤੇ ਗਏ ਬਹੁਤੇ ਹਥਿਆਰ ਅਮਰੀਕਾ ਤੋਂ ਆਏ ਸਨ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਪ੍ਰੋਜੈਕਟਾਂ ਤਹਿਤ ਅੰਡਰਕਵਰ ਅਧਿਕਾਰੀਆਂ ਨੇ ਵੱਡੀ ਮਾਤਰਾ ਵਿੱਚ ਫੈਂਟਾਲਿਨ, ਕੋਕੀਨ ਤੇ 25 ਹਥਿਆਰ ਉਨ੍ਹਾਂ ਵਿਅਕਤੀਆਂ ਤੋਂ ਖਰੀਦੇ ਜਿਨ੍ਹਾਂ ਦੀ ਇਸ ਦੌਰਾਨ ਸ਼ਨਾਖਤ ਕੀਤੀ ਗਈ ਸੀ।

ਅਮਰੀਕੀ ਅਧਿਕਾਰੀਆਂ ਨਾਲ ਕੰਮ ਕਰਨ ਦੇ ਨਾਲ ਨਾਲ ਟੋਰਾਂਟੋ ਦੇ ਅਧਿਕਾਰੀਆਂ ਨੇ ਦਰਹਾਮ, ਯੌਰਕ, ਓਪੀਪੀ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਨਾਲ ਰਲ ਕੇ ਵੀ ਕੰਮ ਕੀਤਾ। ਇਹ ਵੀ ਦੱਸਿਆ ਗਿਆ ਕਿ ਕਈ ਵਿਅਕਤੀ ਟੋਰਾਂਟੋ ਤੇ ਜੀਟੀਏ ਵਿੱਚ ਗੈਰਕਾਨੂੰਨੀ ਹਥਿਆਰਾਂ ਨੂੰ ਵੇਚਣ ਦਾ ਕੰਮ ਕਰ ਰਹੇ ਹਨ।ਇੱਥੇ ਹੀ ਇਨ੍ਹਾਂ ਵਿਅਕਤੀਆਂ ਵੱਲੋਂ



ਅੰਡਰਕਵਰ ਅਧਿਕਾਰੀਆਂ ਨੂੰ ਗੈਰਕਾਨੂੰਨੀ ਹਥਿਆਰ ਵੀ ਵੇਚੇ ਗਏ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਥਿਆਰ ਅਮਰੀਕਾ ਤੋਂ ਕੈਨੇਡਾ ਸਮਗਲ ਕੀਤੇ ਗਏ ਤੇ ਫਿਰ ਇਨ੍ਹਾਂ ਨੂੰ ਇੱਥੇ ਕੈਨੇਡਾ ਵਿੱਚ ਗੈਰਕਾਨੂੰਨੀ ਤੌਰ ਉੱਤੇ ਵੇਚਿਆ ਗਿਆ। ਐਰੀਜ਼ੋਨਾ ਦੇ ਇੱਕ ਵਸਨੀਕ ਵੱਲੋਂ ਗੱਡੀ ਵਿੱਚ ਸ਼ਿਕਾਗੋ ਤੋਂ 87 ਹੈਂਡਗੰਨਜ਼ ਕੈਨੇਡਾ ਲਿਆਂਦੀਆਂ ਗਈਆਂ। ਗੈਰਕਾਨੂੰਨੀ ਹਥਿਆਰ ਐਰੀਜ਼ੋਨਾ, ਫਲੋਰਿਡਾ, ਨੌਰਥ ਕੈਰੋਲਈਨਾ, ਜਾਰਜੀਆ, ਓਹਾਇਓ ਤੇ ਟੈਕਸਸ ਵਿੱਚ ਤਿਆਰ ਕੀਤੇ ਗਏ ਸਨ।ਟੋਰਾਂਟੋ ਪੁਲਿਸ ਦੇ ਡਿਪਟੀ ਚੀਫ ਰੌਬ ਜੌਹਨਸਨ ਨੇ ਕੈਨੇਡਾ ਤੇ ਅਮਰੀਕਾ ਦੀਆਂ ਲਾਅ ਐਨਫੋਰਸਮੈਂਟ ਏਜੰਸੀਆਂ ਦਾ ਸ਼ੁਕਰੀਆ ਅਦਾ ਕੀਤਾ।






## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।












## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.









## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661



## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐਮ.ਟੈਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

# ਹਰੇਕ ਗੱਲ 'ਤੇ ਕੇਂਦਰ ਦੀਆਂ ਮਿੰਨਤਾਂ ਨਹੀਂ ਕਰਾਂਗੇ :ਮੁੱਖ ਮੰਤਰੀ

* ਕਣਕ ਦੀ ਖਰੀਦ 'ਤੇ ਲਾਏ ਕੱਟ 'ਤੇ ਮੁੱਖ ਮੰਤਰੀ ਦੀ ਕੇਂਦਰ ਨੂੰ ਦੋ ਟੁੱਕ * ਕਿਹਾ, ਕੇਂਦਰ ਵੱਲੋਂ ਮੁੱਲ ਵਿਚ ਕੀਤੀ ਕਟੌਤੀ ਦੀ ਭਰਪਾਈ ਸਾਡੀ ਸਰਕਾਰ ਕਰੇਗੀ



ਨਿਹਾਲਗੜ੍ਹ (ਸੰਗਰੂਰ), 12 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਮੀਂਹ ਤੇ ਹਨੇਰੀ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਕਿਸਾਨਾਂ ਨੂੰ ਦੇਣ ਲਈ ਕੇਂਦਰ ਸਰਕਾਰ ਦੀਆਂ ਮਿੰਨਤਾਂ ਨਹੀਂ ਕੱਢਾਂਗੇ ਸਗੋਂ ਖਰਾਬ ਹੋਈ ਕਣਕ ਦੀ ਫਸਲ ਉਤੇ ਭਾਰਤ ਸਰਕਾਰ ਵੱਲੋਂ ਮੁੱਲ ਵਿਚ ਕੀਤੀ ਕਟੌਤੀ ਨਾਲ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਸੂਬਾ ਸਰਕਾਰ ਕਰੇਗੀ।

ਮਹਾਨ ਆਜ਼ਾਦੀ ਘੁਲਾਟੀਏ ਤੇਜਾ ਸਿੰਘ ਸੁਤੰਤਰ ਦੇ ਪਰਦੇ ਤੋਂ ਬੁੱਤ ਹਟਾਉਣ ਤੋਂ ਬਾਅਦ ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਨੇ ਕਿਹਾ, "ਅਸੀਂ ਫਸਲ ਦੇ ਮੁੱਲ ਵਿਚ ਕਟੌਤੀ ਨਾ ਕਰਨ ਲਈ ਕੇਂਦਰ ਅੱਗੇ ਤਰਲੇ ਨਹੀਂ ਕੱਢਾਂਗੇ ਪਰ ਜਦੋਂ ਕੇਂਦਰ ਸਰਕਾਰ ਕੌਮੀ ਅਨਾਜ ਭੰਡਾਰ ਲਈ ਸਾਥੋਂ ਕਣਕ-ਝੋਨੇ ਸਪਲਾਈ ਮੰਗੇਗੀ, ਓਸ ਵੇਲੇ ਅਸੀਂ ਕਿਸਾਨਾਂ ਦੇ ਹਿੱਤ ਵਿਚ ਮੁਆਵਜ਼ਾ ਮੰਗਾਂਗੇ।"

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਬੇਮੌਸਮੇ ਮੀਂਹ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਸਹਿਣਾ ਪਿਆ ਪਰ ਕੇਂਦਰ ਸਰਕਾਰ ਨੇ ਔਖੇ ਸਮੇਂ ਕਿਸਾਨਾਂ ਦੀ ਬਾਂਹ ਨਹੀਂ ਫੜੀ। ਉਲਟਾ ਨੁਕਸਾਨੀ ਫਸਲ, ਸੁੰਗੜੇ ਤੇ ਟੁੱਟੇ ਦਾਣਿਆਂ ਅਤੇ ਵੱਧ ਨਮੀ ਕਾਰਨ ਮੁੱਲ ਵਿਚ ਕਟੌਤੀ ਕਰਕੇ ਕਿਸਾਨਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਿਆ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਨੇ ਸੁੰਗੜੇ ਤੇ ਟੁੱਟੇ ਦਾਣਿਆਂ ਲਈ 18 ਫੀਸਦੀ ਤੱਕ ਢਿੱਲ ਦੇਣ ਦੇ ਨਾਲ ਹੀ ਸ਼ਰਤਾਂ ਥੋਪ ਦਿੱਤੀਆਂ।

ਇਸ ਬਾਰੇ ਹੋਰ ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਛੇ ਫੀਸਦੀ ਤੱਕ ਸੁੰਗੜੇ ਤੇ ਟੁੱਟੇ ਦਾਣਿਆਂ ਵਾਲੀ ਫਸਲ ਲਈ ਮੁੱਲ ਵਿਚ ਕੋਈ ਕਟੌਤੀ ਨਹੀਂ ਪਰ ਛੇ ਫੀਸਦੀ ਤੋਂ ਅੱਠ ਫੀਸਦੀ ਤੱਕ ਟੁੱਟੇ ਤੇ ਸੁੰਗੜੇ ਦਾਣਿਆਂ ਵਾਲੀ ਫਸਲ ਉਤੇ ਮੁੱਲ ਵਿਚ ਪ੍ਰਤੀ ਕੁਇੰਟਲ 5.31 ਰੁਪਏ ਦੀ ਕਟੌਤੀ ਲਾਗੂ ਕੀਤੀ ਗਈ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਅੱਠ ਤੋਂ 10 ਫੀਸਦੀ ਤੱਕ ਪ੍ਰਤੀ ਕੁਇੰਟਲ 10.62 ਰੁਪਏ ਕਟੌਤੀ ਜਦਕਿ 10 ਤੋਂ 12 ਫੀਸਦੀ ਤੱਕ ਪ੍ਰਤੀ ਕੁਇੰਟਲ 15.93 ਰੁਪਏ ਕਟੌਤੀ ਦੀ ਸ਼ਰਤ ਲਾ ਦਿੱਤੀ ਗਈ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਦੇ ਇਸ ਆਪਹੁਦਰੇ ਫੈਸਲੇ ਨਾਲ 12 ਫੀਸਦੀ ਤੋਂ 14 ਫੀਸਦੀ ਤੱਕ ਸੁੰਗੜੇ ਤੇ ਟੁੱਟੇ ਦਾਣਿਆਂ ਵਾਲੀ ਫਸਲ ਦੇ ਮੁੱਲ ਵਿਚ ਪ੍ਰਤੀ ਕੁਇੰਟਲ ਵਿਚ 21.25 ਰੁਪਏ ਦੀ ਕਾਟ, 14 ਤੋਂ 16 ਫੀਸਦੀ ਤੱਕ ਪ੍ਰਤੀ ਕੁਇੰਟਲ 26.56 ਰੁਪਏ ਦੀ ਕਾਟ ਜਦਕਿ 16 ਤੋਂ 18 ਫੀਸਦੀ ਤੱਕ ਮੁੱਲ ਵਿਚ ਪ੍ਰਤੀ ਕੁਇੰਟਲ 31.87 ਰੁਪਏ ਕਟੌਤੀ ਦੀ ਸ਼ਰਤ ਥੋਪ ਦਿੱਤੀ ਗਈ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲੇ ਮੁਤਾਬਕ ਕਣਕ ਦੇ 10 ਫੀਸਦੀ ਬਦਰੰਗ ਦਾਣਿਆਂ ਵਿਚ ਮੁੱਲ ਵਿਚ ਕੋਈ ਕਟੌਤੀ ਨਹੀਂ। ਉਨ੍ਹਾਂ ਕਿਹਾ ਕਿ 10 ਫੀਸਦੀ ਤੋਂ 80 ਫੀਸਦੀ ਬਦਰੰਗ ਫਸਲ ਉਤੇ ਪ੍ਰਤੀ ਕੁਇੰਟਲ 5.31 ਰੁਪਏ ਦਾ ਕੱਟ ਲੱਗੇਗਾ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਨੇ ਪਹਿਲਾਂ ਹੀ ਸੂਬੇ ਦਾ ਜੀ.ਐਸ.ਟੀ. ਅਤੇ ਆਰ.ਡੀ.ਐਫ. ਦਾ ਬਣਦਾ ਹਿੱਸਾ ਅਜੇ ਤੱਕ ਜਾਰੀ ਨਹੀਂ ਕੀਤਾ ਅਤੇ ਹੁਣ ਕਿਸਾਨਾਂ ਉਤੇ ਇਹ ਫੈਸਲਾ ਥੋਪ ਦਿੱਤਾ ਜੋ ਪਹਿਲਾਂ ਹੀ ਬੇਮੌਸਮੇ ਮੀਂਹ ਕਾਰਨ ਸੰਕਟ ਵਿੱਚੋਂ ਗੁਜ਼ਰ ਰਹੇ ਹਨ।

ਕਿਸਾਨਾਂ ਨੂੰ ਕੋਈ ਫਿਕਰ ਨਾ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਪੱਧਰ ਉਤੇ ਕਿਸਾਨਾਂ ਦੇ ਹਿੱਤ ਮਹਿਫੂਜ਼ ਰੱਖਣ ਦੇ ਸਮਰੱਥ ਹੈ ਅਤੇ ਅਨੰਦਾਤਿਆਂ ਦੀ ਮਦਦ ਲਈ ਕੇਂਦਰ ਅੱਗੇ ਹੱਥ ਨਹੀਂ ਅੱਡੇਗੀ।

## ਇਕ ਅਰਬ ਡਾਲਰ ਦੀ ਧੋਖਾਧੜੀ ਦੇ ਮਾਮਲੇ 'ਚ ਦੋ ਭਾਰਤੀ ਮੂਲ ਦੇ ਉੱਦਮੀ ਦੋਸ਼ੀ ਕਰਾਰ

* ਹੋ ਸਕਦੀ ਹੈ 30 ਸਾਲ ਦੀ ਸਜ਼ਾ



ਸ਼ਿਕਾਗੋ, 12 ਅਪ੍ਰੈਲ (ਪੋਸਟ ਬਿਊਰੋ): ਸ਼ਿਕਾਗੋ ਸਥਿਤ ਸਟਾਰਟ-ਅੱਪ ਦੇ ਦੋ ਭਾਰਤੀ-ਅਮਰੀਕੀ ਐਗਜ਼ੈਕਟਿਵ ਰਿਸ਼ੀ ਸ਼ਾਹ ਅਤੇ ਸ਼ਰਧਾ ਅਗਰਵਾਲ ਨੂੰ ਅਰਬਾਂ ਡਾਲਰ ਦੀ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ ਹੈ। ਦੋਵਾਂ ਨੂੰ ਕੰਪਨੀ ਦੇ ਗਾਹਕਾਂ ਅਤੇ ਨਿਵੇਸ਼ਕਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਧੋਖਾਧੜੀ ਯੋਜਨਾ ਵਿੱਚ ਆਪਣੀਆਂ ਭੂਮਿਕਾਵਾਂ ਲਈ ਦੋਸ਼ੀ ਮੰਨਿਆ ਗਿਆ ਹੈ। ਉਨ੍ਹਾਂ ਨੂੰ ਮੇਲ ਫਰਾਡ ਦੇ 5 ਮਾਮਲਿਆਂ, ਤਾਰ ਧੋਖਾਧੜੀ ਦੇ 10 ਮਾਮਲਿਆਂ 'ਤੇ ਵੀ ਦੋਸ਼ੀ ਠਹਿਰਾਇਆ ਗਿਆ ਸੀ।

ਯੂਐਸ ਵਿੱਚ ਇੱਕ ਸੰਘੀ ਜਿਊਰੀ ਨੇ ਦੋਵਾਂ ਨੂੰ ਕੰਪਨੀ ਦੇ ਗਾਹਕਾਂ ਅਤੇ ਨਿਵੇਸ਼ਕਾਂ ਨੂੰ ਨਿਸ਼ਾਨਾ ਬਣਾਉਣ ਵਾਲੀ 1 ਬਿਲੀਅਨ ਡਾਲਰ ਦੀ ਕਾਰਪੋਰੇਟ ਧੋਖਾਧੜੀ ਯੋਜਨਾ ਚਲਾਉਣ ਲਈ ਦੋਸ਼ੀ ਠਹਿਰਾਇਆ ਹੈ। 10 ਹਫਤਿਆਂ ਦੇ ਲੰਬੇ ਮੁਕੱਦਮੇ ਤੋਂ ਬਾਅਦ, ਜੱਜਾਂ ਨੇ ਮੰਗਲਵਾਰ ਨੂੰ ਸਿਹਤ ਤਕਨਾਲੋਜੀ ਕੰਪਨੀ ਆਉਟਕਮ ਹੈਲਥ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀਈਓ ਰਿਸ਼ੀ ਸ਼ਾਹ ਨੂੰ 22 ਵਿੱਚੋਂ 19 ਮਾਮਲਿਆਂ ਵਿੱਚ, ਸਹਿ-ਸੰਸਥਾਪਕ ਅਤੇ ਸਾਬਕਾ ਪ੍ਰਧਾਨ ਸ਼ਰਧਾ ਅਗਰਵਾਲ ਨੂੰ 17 ਵਿੱਚੋਂ 15 ਵਿੱਚ ਦੋਸ਼ੀ ਠਹਿਰਾਇਆ ਹੈ ਅਤੇ ਸਾਬਕਾ ਮੁਖੀ ਨੂੰ ਬਰੀ ਕਰ ਦਿੱਤਾ। ਸੰਚਾਲਨ ਅਧਿਕਾਰੀ ਬ੍ਰੈਡ ਪਰਡੀ ਨੂੰ 15 ਵਿੱਚੋਂ 13 ਮਾਮਲਿਆਂ ਵਿਚ ਦੋਸ਼ੀ ਮੰਨਿਆ ਗਿਆ ਹੈ।

37 ਸਾਲਾ ਸ਼ਾਹ ਨੂੰ ਮੇਲ ਫਰਾਡ ਦੇ ਪੰਜ ਮਾਮਲਿਆਂ, ਵਾਇਰ ਫਰਾਡ ਦੇ 10, ਬੈਂਕ ਫਰਾਡ ਦੇ ਦੋ ਅਤੇ ਮਨੀ ਲਾਂਡਰਿੰਗ ਦੇ ਦੋ ਮਾਮਲਿਆਂ ਦਾ ਦੋਸ਼ੀ ਠਹਿਰਾਇਆ ਗਿਆ ਸੀ। ਬਚਾਅ ਪੱਖਾਂ ਨੂੰ ਬੈਂਕ ਧੋਖਾਧੜੀ ਦੀ ਹਰੇਕ ਗਿਣਤੀ ਲਈ ਵੱਧ ਤੋਂ ਵੱਧ 30 ਸਾਲ ਅਤੇ ਤਾਰ ਧੋਖਾਧੜੀ ਅਤੇ ਮੇਲ ਧੋਖਾਧੜੀ ਦੀ ਹਰੇਕ ਗਿਣਤੀ ਲਈ 20 ਸਾਲ ਦੀ ਕੈਦ ਹੋ ਸਕਦੀ ਹੈ। ਸ਼ਾਹ ਨੂੰ ਮਨੀ ਲਾਂਡਰਿੰਗ ਦੇ ਹਰੇਕ ਮਾਮਲੇ 'ਤੇ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਕੰਪਨੀ ਨੇ ਅਮਰੀਕਾ ਦੇ ਆਲੇ ਦੁਆਲੇ ਡਾਕਟਰਾਂ ਦੇ ਦਫਤਰਾਂ ਵਿੱਚ ਟੈਲੀਵਿਜ਼ਨ ਸਕ੍ਰੀਨਾਂ ਅਤੇ ਟੈਬਲੇਟਾਂ ਨੂੰ ਸਥਾਪਿਤ ਕੀਤਾ ਅਤੇ ਫਿਰ ਗਾਹਕਾਂ ਨੂੰ ਉਹਨਾਂ ਡਿਵਾਈਸਾਂ 'ਤੇ ਇਸ਼ਤਿਹਾਰਬਾਜ਼ੀ ਸਪੇਸ ਵੇਚਿਆ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਡਰੱਗ ਕੰਪਨੀਆਂ ਸਨ।

# ਪੰਜਾਬ ਨਵੀਨਤਮ ਵਿਚਾਰਾਂ ਅਤੇ ਸਟਾਰਟਅੱਪਸ ਦੇ ਕੇਂਦਰ ਵਜੋਂ ਉੱਭਰ ਰਿਹੈ : ਅਮਨ ਅਰੋੜਾ

* ਰੋਜ਼ਗਾਰ ਉਤਪਤੀ ਮੰਤਰੀ ਨੇ "ਵਟ ਐਨ ਆਈਡੀਆ- ਸਟਾਰਟਅੱਪ ਚੈਲੇਂਜ" ਮੁਕਾਬਲੇ ਦੇ ਜੇਤੂਆਂ ਨੂੰ ਇਨਾਮ ਵੰਡੇ



ਚੰਡੀਗੜ੍ਹ, 12 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਨੂੰ ਨਵੀਨਤਮ ਵਿਚਾਰਾਂ ਅਤੇ ਸਟਾਰਟਅੱਪਸ ਦਾ ਧੁਰਾ ਬਣਾਉਣ ਸਬੰਧੀ ਮੁੱਖ ਮੰਤਰੀ ਸ.ਭਗਵੰਤ ਮਾਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ 'ਚ ਰਹਿੰਦੇ ਨੌਜਵਾਨਾਂ ਦੇ ਹੁਨਰ ਨੂੰ ਨਿਖਾਰਨ ਲਈ ਢੁਕਵਾਂ ਮਾਹੌਲ ਵਿਕਸਿਤ ਕੀਤਾ ਜਾ ਰਿਹਾ ਹੈ।

ਉਹ ਅਮਿਟੀ ਯੂਨੀਵਰਸਿਟੀ, ਐਸ.ਏ.ਐਸ.ਨਗਰ (ਮੋਹਾਲੀ) ਦੇ ਆਡੀਟੋਰੀਅਮ ਹਾਲ ਵਿੱਚ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ, ਜਿਥੇ ਜ਼ਿਲ੍ਹਾ ਪ੍ਰਸ਼ਾਸਨ, ਐਸ.ਏ.ਐਸ.ਨਗਰ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਦੇ ਸਹਿਯੋਗ ਨਾਲ ਇੱਥੇ "ਵਟ ਐਨ ਆਈਡੀਆ! ਸਟਾਰਟਅੱਪ ਚੈਲੇਂਜ" ਦਾ ਗ੍ਰੈਂਡ ਫਿਨਾਲੇ ਕਰਾਇਆ ਗਿਆ ਸੀ।

ਗ੍ਰੈਂਡ ਫਿਨਾਲੇ ਦੇ ਜੇਤੂਆਂ ਨੂੰ ਪ੍ਰੇਰਿਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਹ ਮਹਿਜ਼ ਇੱਕ ਸ਼ੁਰੂਆਤ ਹੈ ਅਤੇ ਉਨ੍ਹਾਂ ਦੇ ਨਿਵੇਕਲੇ ਤੇ ਕੀਮਤੀ ਵਿਚਾਰ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਫ਼ਲਤਾ ਦੀਆਂ ਵੱਡੀਆਂ ਉਚਾਈਆਂ ਤੱਕ ਲਿਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਵੱਡੇ ਟੀਚਿਆਂ ਦੀ ਪ੍ਰਾਪਤੀ ਲਈ ਇਹ ਸਿਰਫ਼ ਅੱਗੇ ਵਧਣ ਦਾ ਇੱਕ ਪਲੇਟਫਾਰਮ ਹੈ।

ਡਾਇਰੈਕਟਰ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੀਪਤੀ ਉੱਪਲ ਨੇ ਕਿਹਾ ਕਿ ਇਸ ਮੁਕਾਬਲੇ ਦਾ ਮੁੱਖ ਉਦੇਸ਼, ਸਥਾਨਕ ਆਬਾਦੀ ਅਤੇ ਵਿਦਿਆਰਥੀਆਂ ਨੂੰ ਕਾਰੋਬਾਰ ਸਬੰਧੀ ਆਪਣੇ ਨਵੀਨਤਮ ਵਿਚਾਰਾਂ ਨੂੰ ਪੇਸ਼ ਕਰਨ ਅਤੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਪਲੇਟਫਾਰਮ ਪ੍ਰਦਾਨ ਕਰਨਾ ਸੀ। ਅਮਨ ਅਰੋੜਾ ਨੇ ਇਨੋਵੇਟਿਵ ਸਟਾਰਟਅੱਪ ਆਈਡੀਆਜ਼ ਦੇ ਜੇਤੂਆਂ ਨੂੰ ਇਨਾਮ ਵੰਡਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਵਿਦਿਆਰਥੀ ਵਰਗ ਵਿੱਚ 'ਡਿਜੀਟਲ ਚੌਕੀਦਾਰ' ਪ੍ਰਾਜੈਕਟ ਲਈ ਰਜਤ ਨਾਰੰਗ ਨੂੰ 50,000/- ਰੁਪਏ ਦਾ ਪਹਿਲਾ ਇਨਾਮ, ਕੌਸ਼ਲ ਮਲਹੋਤਰਾ ਨੇ 'ਐਰੋਜਨ' ਸਟਾਰਟਅੱਪ ਪ੍ਰਾਜੈਕਟ ਲਈ 30,000/- ਰੁਪਏ ਦਾ ਦੂਜਾ ਇਨਾਮ ਅਤੇ ਜਸਪ੍ਰੀਤ ਕੌਰ ਨੇ ਸਟੱਬਲ ਦੀ ਨਵੀਨਤਮ ਵਰਤੋਂ ਦੇ ਪ੍ਰਾਜੈਕਟ ਲਈ 20000/- ਰੁਪਏ ਦਾ ਤੀਜਾ ਇਨਾਮ ਜਿੱਤਿਆ।

ਓਪਨ ਵਰਗ ਵਿੱਚ ਡਾ. ਗੌਰੀ ਜੈਮੁਰੂਗਨ ਨੇ ਬਾਇਓ-ਸਨਸਕ੍ਰੀਨ ਦੇ ਸਟਾਰਟਅੱਪ ਪ੍ਰਾਜੈਕਟ ਲਈ 50000/- ਰੁਪਏ ਦਾ ਪਹਿਲਾ ਇਨਾਮ, ਗੌਰਵ ਬਾਲੀ ਨੇ ਕੇਅਰਵੈੱਲ360 ਦੇ ਸਟਾਰਟਅੱਪ ਪ੍ਰਾਜੈਕਟ ਲਈ 30,000/- ਰੁਪਏ ਦਾ ਦੂਜਾ ਇਨਾਮ ਅਤੇ ਸਾਸਵਤ ਪਟਨਾਇਕ ਨੇ ਰੈਸਨੋਟ ਸਟਾਰਟਅੱਪ ਪ੍ਰਾਜੈਕਟ ਲਈ 20,000/- ਦਾ ਤੀਜਾ ਇਨਾਮ ਜਿੱਤਿਆ।

## ਦਿੱਲੀ ਦੇ ਇਕ ਸਕੂਲ ਨੂੰ ਅੰਦਰ ਬੰਬ ਹੋਣ ਦੀ ਖ਼ਬਰ ਤੋਂ ਬਾਅਦ ਕਰਵਾਇਆ ਖ਼ਾਲੀ

ਨਵੀਂ ਦਿੱਲੀ, 12 ਅਪ੍ਰੈਲ (ਪੋਸਟ ਬਿਊਰੋ): ਦਿੱਲੀ ਦੀ ਡਿਫੈਂਸ ਕਾਲੋਨੀ 'ਚ ਸਥਿਤ ਇਕ ਸਕੂਲ ਕੰਪਲੈਕਸ ਨੂੰ ਬੁੱਧਵਾਰ ਸਵੇਰੇ ਉੱਥੇ ਬੰਬ ਹੋਣ ਦੀ ਖ਼ਬਰ ਤੋਂ ਬਾਅਦ ਖ਼ਾਲੀ ਕਰਵਾ ਲਿਆ ਗਿਆ ਅਤੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਬੰਬ ਨਿਰੋਧਕ ਦਸਤਾ ਅਤੇ ਹੋਰ ਏਜੰਸੀਆਂ ਨੇ ਵਿਸਫੋਟਕ ਪਦਾਰਥ ਦੀ ਤਲਾਸ਼ ਲਈ 'ਦਿ ਇੰਡੀਅਨ ਸਕੂਲ' ਦਾ ਨਿਰੀਖਣ ਕੀਤਾ। ਸਕੂਲ ਦੇ ਵਿਦਿਆਰਥੀ ਅਤੇ ਮਾਤਾ-ਪਿਤਾ ਘਬਰਾਏ ਹੋਏ ਸਨ। ਇਹ ਲੋਕ ਸਕੂਲ ਦੇ ਬਾਹਰ ਖੜ੍ਹੇ ਸਨ। ਇਕ ਸੀਨੀਅਰ ਪੁਲਸ ਅਧਿਕਾਰੀ ਨੇਦੱਸਿਆ ਕਿ ਬੀ.ਆਰ.ਟੀ. ਰੋਡ 'ਤੇ ਸਥਿਤ 'ਦਿ ਇੰਡੀਅਨ ਸਕੂਲ' ਦੇ ਬ੍ਰਜੇਸ਼ ਨਾਮ ਦੇ ਇਕ ਵਿਅਕਤੀ ਨੇ ਉਨ੍ਹਾਂ ਨੂੰ ਉਸ ਈ-ਮੇਲ ਦੀ ਜਾਣਕਾਰੀ ਦਿੱਤੀ, ਜਿਸ 'ਚ ਸਕੂਲ ਕੰਪਲੈਕਸ 'ਚ ਬੰਬ ਹੋਣ ਦੀ ਗੱਲ ਕਹੀ ਗਈ ਸੀ। ਅਧਿਕਾਰੀ ਨੇ ਦੱਸਿਆ ਕਿ ਈ-ਮੇਲ ਸਵੇਰੇ ਕਰੀਬ 10.49 ਵਜੇ ਮਿਲੀ ਸੀ। ਅਧਿਕਾਰੀ ਨੇ ਦੱਸਿਆ ਕਿ ਸਕੂਲ ਖ਼ਾਲੀ ਕਰਵਾ ਲਿਆ ਗਿਆ ਹੈ ਅਤੇ ਸੰਬੰਧਤ ਟੀਮ ਵਲੋਂ ਸਕੂਲ ਕੰਪਲੈਕਸ ਦੀ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕੀ ਸੰਵੇਦਨਸ਼ੀਲ ਦਸਤਾਵੇਜ਼ਾਂ ਦਾ ਲੀਕ ਹੋਣਾ ਹੈ ਸੁਰੱਖਿਆ ਲਈ ਗੰਭੀਰ ਖਤਰਾ: ਮੇਘਰ

ਵਾਸ਼ਿੰਗਟਨ, 12 ਅਪ੍ਰੈਲ (ਪੋਸਟ ਬਿਊਰੋ): ਸੰਵੇਦਨਸ਼ੀਲ ਦਸਤਾਵੇਜ਼ਾਂ ਦੇ ਲੀਕ ਹੋਣ ਨੂੰ ਲੈ ਕੇ ਅਮਰੀਕਾ ਵਿੱਚ ਹੰਗਾਮਾ ਮਚ ਗਿਆ ਹੈ। ਪੈਂਟਾਗਨ ਨੇ ਕਿਹਾ ਹੈ ਕਿ ਦਸਤਾਵੇਜ਼ਾਂ ਦੇ ਲੀਕ ਹੋਣ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ। ਇਨ੍ਹਾਂ 'ਚੋਂ ਕਈ ਦਸਤਾਵੇਜ਼ ਯੂਕਰੇਨ ਯੁੱਧ ਨਾਲ ਸਬੰਧਤ ਹਨ। ਅਮਰੀਕੀ ਨਿਆਂ ਵਿਭਾਗ ਦਸਤਾਵੇਜ਼ ਦੇ ਲੀਕ ਹੋਣ ਦੀ ਜਾਂਚ ਕਰ ਰਿਹਾ ਹੈ। ਲੀਕ ਹੋਏ ਦਸਤਾਵੇਜ਼ਾਂ ਵਿੱਚ ਨਾ ਸਿਰਫ਼ ਮੁਲਾਂਕਣ ਅਤੇ ਖੁਫੀਆ ਰਿਪੋਰਟਾਂ ਸ਼ਾਮਲ ਹਨ, ਜੋ ਨਾ ਸਿਰਫ਼ ਯੂਕਰੇਨ ਅਤੇ ਰੂਸ ਦੇ ਸਗੋਂ ਅਮਰੀਕਾ ਦੇ ਸਹਿਯੋਗੀਆਂ ਦੇ ਬਹੁਤ ਹੀ ਸੰਵੇਦਨਸ਼ੀਲ ਵਿਸ਼ਲੇਸ਼ਣਾਂ ਨੂੰ ਛੂਹਦੀਆਂ ਹਨ।

ਜਨਤਕ ਮਾਮਲਿਆਂ ਲਈ ਰੱਖਿਆ ਸਕੱਤਰ ਦੇ ਸਹਾਇਕ ਕ੍ਰਿਸ ਮੇਘਰ ਨੇ ਕਿਹਾ ਕਿ 'ਆਨਲਾਈਨ ਪ੍ਰਸਾਰਿਤ ਕੀਤੇ ਗਏ ਦਸਤਾਵੇਜ਼' ਦੇਸ਼ ਦੀ ਸੁਰੱਖਿਆ ਲਈ ਗੰਭੀਰ ਖਤਰਾ ਹਨ ਅਤੇ ਗਲਤ ਜਾਣਕਾਰੀ ਫੈਲਾਉਣ ਦੀ ਸਮਰੱਥਾ ਰੱਖਦੇ ਹਨ। ਮੇਘਰ ਨੇ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ ਕਿ ਇਹ ਕਿਵੇਂ ਹੋਇਆ। ਇਹ ਪਤਾ ਲਗਾਉਣ ਲਈ ਕਦਮ ਚੁੱਕੇ ਗਏ ਹਨ ਕਿ ਇਸ ਤਰ੍ਹਾਂ ਦੀ ਜਾਣਕਾਰੀ ਕਿਵੇਂ ਅਤੇ ਕਿਸ ਨੂੰ ਪ੍ਰਸਾਰਿਤ ਕੀਤੀ ਗਈ ਹੈ।"

ਹਾਲ ਹੀ ਦੇ ਦਿਨਾਂ ਵਿੱਚ ਟਵਿੱਟਰ, ਟੈਲੀਗ੍ਰਾਮ, ਡਿਸਕਾਰਡ ਅਤੇ ਹੋਰ ਸਾਈਟਾਂ 'ਤੇ ਦਸਤਾਵੇਜ਼ਾਂ ਦੀਆਂ ਦਰਜਨਾਂ ਫੋਟੋਆਂ ਮਿਲੀਆਂ ਹਨ। ਹਾਲਾਂਕਿ ਪਿਛਲੇ ਹਫ਼ਤੇ ਕੁੱਝ ਨੇ ਮੀਡੀਆ ਦਾ ਧਿਆਨ ਖਿੱਚਣ ਤੋਂ ਪਹਿਲਾਂ ਕੁਝ ਹਫ਼ਤਿਆਂ ਲਈ ਔਨਲਾਈਨ ਪ੍ਰਸਾਰਿਤ ਕੀਤੇ ਹੋ ਸਕਦੇ ਹਨ।

ਕੀ ਦਸਤਾਵੇਜ਼ ਅਸਲੀ ਹਨ? ਮੇਘਰ ਨੇ ਇਸ ਸਵਾਲ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਕਿਹਾ ਕਿ ਪੈਂਟਾਗਨ ਦੀ ਇੱਕ ਟੀਮ ਇਸਦਾ ਮੁਲਾਂਕਣ ਕਰ ਰਹੀ ਹੈ, ਪਰ ਨੋਟ ਕੀਤਾ ਕਿ ਆਨਲਾਈਨ ਪ੍ਰਸਾਰਿਤ ਕੀਤੀਆਂ ਗਈਆਂ ਫੋਟੋਆਂ ਸੰਵੇਦਨਸ਼ੀਲ ਜਾਣਕਾਰੀ ਦਿਖਾਉਂਦੀਆਂ ਹਨ।

## ਜੈਲੇਂਸਕੀ ਨੇ ਮੋਦੀ ਨੂੰ ਪੱਤਰ ਲਿਖ ਕੇ ਦਵਾਈਆਂ ਅਤੇ ਮੈਡੀਕਲ ਉਪਕਰਣ ਦੇਣ ਦੀ ਕੀਤੀ ਅਪੀਲ

ਨਵੀਂ ਦਿੱਲੀ, 12 ਅਪ੍ਰੈਲ (ਪੋਸਟ ਬਿਊਰੋ): ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਜ਼ੇਲੇਂਸਕੀ ਨੇ ਪੀਐਮ ਮੋਦੀ ਨੂੰ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੀ ਸਪਲਾਈ ਕਰਨ ਦੀ ਬੇਨਤੀ ਕੀਤੀ ਹੈ।

ਯੂਕਰੇਨ ਦੇ ਪਹਿਲੇ ਉਪ ਵਿਦੇਸ਼ ਮੰਤਰੀ ਐਮਿਨ ਜ਼ਾਪਾਰੋਵਾ ਨੇ ਭਾਰਤ ਸਰਕਾਰ ਨੂੰ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਇੱਕ ਪੱਤਰ ਸੌਂਪਿਆ ਹੈ, ਜਿਸ ਵਿੱਚ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਸਮੇਤ ਵਾਧੂ ਮਾਨਵਤਾਵਾਦੀ ਸਪਲਾਈ ਦੀ ਬੇਨਤੀ ਕੀਤੀ ਗਈ ਹੈ।

ਮੰਤਰ 10 ਤੋਂ 12 ਅਪ੍ਰੈਲ ਤੱਕ ਭਾਰਤ ਦੇ ਅਧਿਕਾਰਤ ਦੌਰੇ 'ਤੇ ਸਨ, ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਯੂਕਰੇਨ ਦੇ ਰਾਸ਼ਟਰਪਤੀ ਦੁਆਰਾ ਸੰਬੋਧਿਤ ਪੱਤਰ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਨੂੰ ਸੌਂਪਿਆ। ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਵੱਲੋਂ ਬੁੱਧਵਾਰ ਨੂੰ ਜਾਰੀ ਇਕ ਬਿਆਨ 'ਚ ਦਿੱਤੀ ਗਈ ਹੈ। ਭਾਰਤੀ ਮੈਡੀਕਲ ਵਿਦਿਆਰਥੀਆਂ ਦੇ ਮੁੱਦੇ 'ਤੇ, ਜ਼ਾਪਰੋਵਾ ਨੇ ਜ਼ਿਕਰ ਕੀਤਾ ਕਿ ਯੂਕਰੇਨ ਵਿਦੇਸ਼ੀ ਮੈਡੀਕਲ ਵਿਦਿਆਰਥੀਆਂ ਨੂੰ ਆਪਣੇ ਨਿਵਾਸ ਵਾਲੇ ਦੇਸ਼ ਵਿੱਚ ਯੂਨੀਫਾਈਡ ਸਟੇਟ ਯੋਗਤਾ ਪ੍ਰੀਖਿਆ ਦੇਣ ਦੀ ਇਜਾਜ਼ਤ ਦੇਵੇਗਾ।

ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮੀ) ਸੰਜੇ ਵਰਮਾ ਨਾਲ ਮੁਲਾਕਾਤ ਦੌਰਾਨ ਜ਼ਾਪਰੋਵਾ ਨੇ ਉਨ੍ਹਾਂ ਨੂੰ ਯੂਕਰੇਨ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਯੂਕਰੇਨ ਦੇ ਮੰਤਰੀ ਨੇ ਇਹ ਵੀ ਪ੍ਰਸਤਾਵ ਦਿੱਤਾ ਕਿ ਯੂਕਰੇਨ ਵਿੱਚ ਬੁਨਿਆਦੀ ਢਾਂਚੇ ਦਾ ਪੁਨਰ ਨਿਰਮਾਣ ਭਾਰਤੀ ਕੰਪਨੀਆਂ ਲਈ ਇੱਕ ਮੌਕਾ ਹੋ ਸਕਦਾ ਹੈ।